# ਅਧਿਆਇ ਪਹਿਲਾ

# ਭਾਸ਼ਾਈ ਅਧਿਐਨ ਵਿਧੀ : ਸਿਧਾਂਤਕ ਪਰਿਪੇਖ

# ਭਾਸ਼ਾਈ ਅਧਿਐਨ ਵਿਧੀ : ਸਿਧਾਂਤਕ ਪਰਿਪੇਖ

ਵੀਹਵੀਂ ਸਦੀ ਵਿਚ ਫ਼ਰਦੀਨਾ-ਦ-ਸਾਸਿਊਰ ਦੀ ਅਧਿਐਨ ਦ੍ਰਿਸ਼ਟੀ ਨਾਲ ਭਾਸ਼ਾਵਾਂ ਦੇ ਅਧਿਐਨ ਸੰਬੰਧੀ ਕ੍ਰਾਂਤੀਕਾਰੀ ਤਬਦੀਲੀ ਆਈ ਹੈ।ਸਾਸਿਊਰ ਦੇ ਸਿਧਾਂਤਾਂ ਨੇ ਭਾਸ਼ਾ ਦੇ ਨਾਲ-ਨਾਲ ਹੋਰ ਵੀ ਅਨੇਕ ਖੇਤਰਾਂ ਨੂੰ ਪ੍ਰਭਾਵਿਤ ਕੀਤਾ ਹੈ।ਸਾਹਿਤਕ ਕਿਰਤਾਂ ਦਾ ਅਧਿਐਨ ਵੀ ਉਸ ਦੁਆਰਾ ਹੀ ਦਿੱਤੇ ਗਏ ਸਿਧਾਂਤਾਂ ਦੇ ਆਧਾਰ ਤੇ ਹੋਣਾ ਸ਼ੁਰੂ ਹੋਇਆ।ਭਾਸ਼ਾ ਵਿਗਿਆਨ ਦੇ ਮਾਪਦੰਡਾਂ ਨੂੰ ਆਧਾਰ ਬਣਾ ਕੇ ਸਾਹਿਤਕ ਕਿਰਤਾਂ ਨੂੰ ਪਰਖਣ ਲਈ ਕਈ ਵਿਧੀਆਂ ਹੋਂਦ ਵਿਚ ਆਈਆਂ, ਜਿਹਨਾਂ ਵਿਚੋਂ ਭਾਸ਼ਾਈ ਅਧਿਐਨ ਵਿਧੀ ਇਕ ਹੈ।ਭਾਸ਼ਾਈ ਅਧਿਐਨ ਵਿਧੀ ਇਕ ਅਜਿਹੀ ਵਿਧੀ ਹੈ ਜਿਸ ਦੁਆਰਾ ਭਾਸ਼ਾ ਤੋਂ ਬਿਨਾਂ ਸਾਹਿਤਕ ਕਿਰਤਾਂ ਦਾ ਵੀ ਅਧਿਐਨ ਕੀਤਾ ਜਾਂਦਾ ਹੈ। ਇਸ ਅਧਿਐਨ ਵਿਧੀ ਦੁਆਰਾ ਇਕਾਲੀ ਤੇ ਸਮਕਾਲੀ ਅਧਿਐਨ ਕਰਨ ਉਪਰੰਤ ਉਹ ਵਿਸ਼ਲੇਸ਼ਣ ਇਤਿਹਾਸਕ ਵਿਕਾਸ ਦਾ ਇਕ ਪੜਾਅ ਮੰਨਿਆ ਜਾ ਸਕਦਾ ਹੈ।

## ਭਾਸ਼ਾਈ ਅਧਿਐਨ ਵਿਧੀ :

"ਭਾਸ਼ਾਈ" ਸ਼ਬਦ 'ਭਾਸ਼ਾ' ਦਾ ਵਿਸ਼ੇਸ਼ਣੀ ਰੂਪ ਹੈ। ਇਸ ਨੂੰ ਭਾਸ਼ਾ ਵਿਗਿਆਨ ਨਾਲੋਂ ਭਾਸ਼ਾ ਦੇ ਵਧੇਰੇ ਨੇੜੇ ਕਿਹਾ ਜਾਂਦਾ ਹੈ। ਭਾਸ਼ਾ ਵਿਗਿਆਨ ਦੇ ਮਾਪਦੰਡਾਂ ਨੂੰ ਆਧਾਰ ਬਣਾ ਕੇ ਸਾਹਿਤਕ ਕਿਰਤਾਂ ਦੀ ਭਾਸ਼ਾ ਦੇ ਬਣਤਰੀ ਅਧਿਐਨ ਨੂੰ ਭਾਸ਼ਾਈ ਅਧਿਐਨ ਕਿਹਾ ਜਾਂਦਾ ਹੈ। ਅਜੋਕੇ ਸਮੇਂ ਜਦੋਂ ਸਾਹਿਤ ਦੇ ਭਾਸ਼ਾ ਵਿਗਿਆਨਕ ਅਧਿਐਨ ਬਾਰੇ ਗੱਲ ਹੁੰਦੀ ਹੈ ਤਾਂ ਕਈ ਵਾਰੀ ਇਸ ਨੂੰ ਭਾਸ਼ਾਈ ਅਧਿਐਨ ਦੇ ਅਰਥਾਂ ਵਿਚ ਲਿਆ ਜਾਂਦਾ ਹੈ। ਪ੍ਰੰਤੂ ਇਹ ਦੋਵੇਂ ਅਧਿਐਨ ਵੱਖਰੀ ਵੱਖਰੀ ਹੋਂਦ ਵਾਲੇ ਹਨ।

'ਭਾਸ਼ਾਈ ਆਧਿਐਨ ਵਿਧੀ' ਭਾਸ਼ਾ ਵਿਗਿਆਨਕ ਦ੍ਰਿਸ਼ਟੀ ਦਾ ਇੱਕ ਅੰਗ ਹੈ। ਇਸ ਦਾ ਸੰਬੰਧ ਭਾਸ਼ਾ ਵਿਗਿਆਨਕ ਪਿਛੋਕੜ, ਵਰਣਾਤਮਕ, ਇਤਿਹਾਸਕ ਤੇ ਤੁਲਨਾਤਮਕ ਭਾਸ਼ਾ ਵਿਗਿਆਨ ਨਾਲ ਹੈ। ਭਾਸ਼ਾ ਦੀ ਸਮੁੱਚੀ ਪ੍ਰਣਾਲੀ ਦਾ ਕਿਸੇ ਖਾਸ ਸਮਾਂ ਬਿੰਦੂ 'ਤੇ ਅਧਿਐਨ ਕਰਨਾ ਵਰਣਾਤਮਕ ਭਾਸ਼ਾ ਵਿਗਿਆਨ ਦਾ ਕਾਰਜ ਹੈ।ਇਸ ਵਿਚ ਅੰਤਰ ਵਿਅਕਤੀ ਤੇ ਅੰਤਰ-ਵਰਗ ਵਰਤਾਰੇ ਦੀ ਬਜਾਏ ਭਾਸ਼ਾ ਦਾ ਸਮਕਾਲੀ ਅਧਿਐਨ ਕੀਤਾ ਜਾਂਦਾ ਹੈ।ਭਾਸ਼ਾ ਦੇ ਦੋਹਾਂ ਪੱਖਾਂ-ਅਭਿਵਿਅਕਤੀ ਤੇ ਵਿਸ਼ਾ ਪੱਖ ਦਾ ਅਧਿਐਨ ਇਸ ਅਧੀਨ ਹੀ ਕੀਤਾ ਜਾਦਾ ਹੈ।ਸਾਰਥਕ ਧੁਨੀ (Phoneme) ਇਸਦੀ ਸੰਰਚਨਾ ਤੇ ਤਰਤੀਬ, ਰੂਪੀਮ ਤੇ ਵਾਕ ਦੀ ਸੰਰਚਨਾ ਤੇ ਤਰਤੀਬ ਇਸ ਦਾ ਅਧਿਐਨ ਖੇਤਰ ਹੈ। ਮਨੁੱਖੀ ਭਾਸ਼ਾ ਦਾ ਸੁਭਾਅ ਪਰਿਵਰਤਨਸ਼ੀਲ ਹੈ, ਇਸ ਦੇ ਹਰ ਅੰਗ ਧੁਨੀ, ਭਾਵੰਸ਼, ਸ਼ਬਦ, ਵਾਕ ਤੇ ਅਰਥ ਸਭ ਵਿਚ ਸਮੇਂ ਤੇ ਸਥਾਨ ਅਨੁਸਾਰ ਪਰਿਵਰਤਨ ਆਉਂਦਾ ਰਹਿੰਦਾ ਹੈ। ਇਸ ਲਈ ਕਿਹਾ ਜਾ ਸਕਦਾ ਹੈ ਕਿ ਭਾਸ਼ਾ ਕਈ ਇਤਿਹਾਸਿਕ ਪੜ੍ਹਾਵਾਂ ਵਿਚੋਂ ਲੰਘਦੀ ਹੋਈ ਪਰਵਰਤਿਤ ਹੁੰਦੀ ਰਹਿੰਦੀ ਹੈ। ਸਾਂਝੇ ਸਰੋਤਾਂ ਤੋਂ ਨਿਕਲਦੀਆਂ ਦੋ ਭਾਸ਼ਾਵਾਂ ਜੋ ਸਮੇਂ, ਸਥਾਨ, ਕਾਰਜ ਦੇ ਫਰਕ ਕਾਰਨ ਵੱਖ ਵੱਖ ਹੋ ਗਈਆਂ, ਉਹਨਾਂ ਦਾ ਅਧਿਐਨ ਤੁਲਨਾਤਮਕ ਦ੍ਰਿਸ਼ਟੀ ਤੋਂ ਕੀਤਾ ਜਾਂਦਾ ਹੈ। ਇਸ ਤਰ੍ਹਾਂ ਦਾ ਅਧਿਐਨ ਕਰਨਾ ਭਾਸ਼ਾਵਾਂ ਦੇ ਨਿਕਾਸ ਤੇ ਵਿਕਾਸ ਲਈ, ਕਲਾਸੀਕਲ ਭਾਸ਼ਾਵਾਂ ਦੀ ਆਪਸ ਵਿਚ ਤੁਲਨਾ ਕਰਨਾ ਸਾਰਥਕ ਹੁੰਦਾ ਹੈ। ਭਾਸ਼ਾ ਦੇ ਨਿਕਾਸ ਤੇ ਵਿਕਾਸ, ਦੂਜੀਆਂ ਭਾਸ਼ਾਵਾਂ ਨਾਲ ਤੁਲਨਾ ਤੇ ਟਾਕਰਾ ਪਹਿਲਾਂ ਭਾਸ਼ਾਈ ਅਧਿਐਨ ਵਿਧੀ ਦਾ ਖੇਤਰ ਸੀ ਪ੍ਰੰਤੂ ਬਾਅਦ ਵਿਚ ਉਪ-ਭਾਸ਼ਾਈ ਤੇ ਸਮਾਜਿਕ ਵਖਰੇਵਿਆਂ ਦੀ ਆਪਸੀ ਤੁਲਨਾ ਵੀ ਇਸ ਦੇ ਅਧੀਨ ਹੀ ਕੀਤੀ ਜਾਣ ਲੱਗੀ।ਭਾਸ਼ਾਈ-ਅਧਿਐਨ ਵਿਧੀ ਰਾਹੀਂ ਕਿਸੇ ਸਾਹਿਤਕ ਕਿਰਤ ਦੀ ਭਾਸ਼ਾ ਦੀ ਜਾਣਕਾਰੀ ਪ੍ਰਾਪਤ ਕਰਨ ਲਈ ਦੋ ਧਰਾਤਲਾਂ ਭਾਸ਼ਾਈ ਅਧਿਐਨ ਦੇ ਸਿਧਾਂਤ ਅਤੇ ਭਾਸ਼ਾਈ ਵਖਰੇਵਿਆਂ ਨੂੰ ਧਿਆਨ ਵਿਚ ਰੱਖਿਆ ਜਾਂਦਾ ਹੈ।

## ਭਾਸ਼ਾਈ ਅਧਿਐਨ ਦੇ ਸਿਧਾਂਤ :

ਭਾਸ਼ਾ ਮਨੁੱਖ ਦੀਆਂ ਸਮਾਜਿਕ ਲੋੜਾਂ ਵਿਚੋਂ ਪੈਦਾ ਹੁੰਦੀ ਹੈ, ਮਨੁੱਖ ਦੀਆਂ ਜਿੰਨੀਆਂ ਪ੍ਰਾਪਤੀਆਂ ਹਨ ਉਹਨਾਂ ਸਭ ਦਾ ਆਧਾਰ ਭਾਸ਼ਾ ਹੀ ਹੁੰਦੀ ਹੈ।ਲੰਮੀ ਇਤਿਹਾਸਿਕ ਪ੍ਰਕਿਰਿਆ ਵਿੱਚ ਭਾਸ਼ਾ ਵਿੱਚ ਵਾਧਾ-ਘਾਟਾ ਹੁੰਦਾ ਰਹਿੰਦਾ ਹੈ, ਭਾਵ ਸਮੇਂ ਦੀ ਲੋੜ ਅਨੁਸਾਰ ਭਾਸ਼ਾ ਵਿੱਚ ਬਹੁਤ ਕੁੱਝ ਨਵਾਂ ਸ਼ਾਮਿਲ ਹੋ ਜਾਂਦਾ ਅਤੇ ਬਹੁਤ ਕੁੱਝ ਬੇਲੋੜਾ ਨਿਕਲ ਜਾਂਦਾ ਹੈ। ਇਸ ਤੋਂ ਬਿਨਾਂ ਹਰ ਭਾਸ਼ਾ ਦਾ ਆਪਣਾ ਇੱਕ ਸਿਸਟਮ ਹੁੰਦਾ ਹੈ। ਭਾਸ਼ਾਈ ਸੰਸਾਰ ਵਿੱਚ ਵਾਪਰਦੀਆਂ ਅਜਿਹੀਆਂ ਤਬਦੀਲੀਆਂ ਅਤੇ ਸਿਸਟਮ ਨੂੰ ਸਮਝਣ ਲਈ ਕਈ ਵਿਧੀਆਂ ਪ੍ਰਚਿਲਤ ਹੋਈਆਂ ਹਨ। ਇਹਨਾਂ ਨੂੰ ਅਸੀਂ ਭਾਸ਼ਾਈ ਸਿਧਾਂਤ ਦਾ ਨਾਮ ਦਿੰਦੇ ਹਾਂ। ਜੋ ਕਿ ਮਨੁੱਖ ਦੀਆਂ ਆਪਸੀ ਪ੍ਰਾਪਤੀਆਂ ਦੇ ਆਰ-ਪਾਰ ਫੈਲੀ ਹੁੰਦੀ ਹੈ।

ਲਿਖਤ, ਉਚਾਰਨ ਅਤੇ ਮਨੁੱਖ ਦੀ ਭਾਸ਼ਾਈ ਸਮੱਰਥਾ ਨੂੰ ਆਧਾਰ ਮੰਨ ਕੇ ਭਾਸ਼ਾਈ ਅਧਿਐਨ ਵਿਚ ਮਨੁੱਖੀ ਭਾਸ਼ਾ ਦੀ ਵਿਆਖਿਆ ਕਰਨ ਵਾਲੇ ਸਿਧਾਂਤ ਪੇਸ਼ ਕਰਨ ਦੇ ਯਤਨ ਕੀਤੇ ਜਾਂਦੇ ਹਨ।ਜਿਸ ਦੁਆਰਾ ਪੁਰਾਤਨ ਸਾਹਿਤਕ ਕਿਰਤਾਂ ਵਿਚਲੀ ਭਾਸ਼ਾ ਦਾ ਹੁਣ ਦੀ ਭਾਸ਼ਾ ਨਾਲ ਤੁਲਨਾਤਮਕ ਵੇਰਵਾ ਪੇਸ਼ ਕੀਤਾ ਜਾਂਦਾ ਹੈ। ਭਾਸ਼ਾ ਵਿਗਿਆਨੀਆਂ ਨੇ ਭਾਸ਼ਾਈ ਅਧਿਐਨ ਦੇ ਸਿਧਾਂਤ ਦੇ ਚਾਰ ਪੱਧਰ ਸ਼ਬਦ ਪੱਧਰ, ਵਾਕ ਪੱਧਰ, ਔਰਥੋਗਰਾਫੀ ਪੱਧਰ ਤੇ ਅਰਥ ਪੱਧਰ ਨਿਸ਼ਚਿਤ ਕੀਤੇ ਹਨ।

1. **ਵਾਕ ਪੱਧਰ** : ਵਾਕ ਪੱਧਰ ਤੇ ਅਧਿਐਨ ਕਰਨ ਲਈ ਸ਼ਬਦ ਤੋਂ ਵਾਕ ਅਤੇ ਵਾਕ ਤੋਂ ਸ਼ਬਦ ਤੱਕ ਦਾ ਅਧਿਐਨ ਕੀਤਾ ਜਾਂਦਾ ਹੈ। ਇਹ ਸ਼ਬਦ ਦੀ ਬਾਹਰੀ ਬਣਤਰ ਨਾਲ ਸੰਬੰਧਿਤ ਹੈ। ਹਰ ਭਾਸ਼ਾ ਵਿਚ ਵਿਆਕਰਨਕ ਇਕਾਈਆਂ- ਭਾਵੰਸ਼, ਸ਼ਬਦ, ਵਾਕੰਸ਼, ਉਪਵਾਕ, ਵਾਕ ਦੇ ਜੋੜਾਂ ਦੀ ਵਿਸ਼ੇਸ਼ ਤਰਤੀਬ ਹੁੰਦੀ ਹੈ।ਇਹ ਇਕਾਈਆਂ ਇਕ ਨਿਸ਼ਚਿਤ ਤਰਤੀਬ ਵਿਚ ਜੁੜ ਕੇ

ਇਕ ਵਾਕ ਬਣਾਉਂਦੀਆਂ ਹਨ। ਹਰ ਭਾਸ਼ਾ ਵਿਚ ਇਹ ਪ੍ਰਕਿਰਿਆ ਵੱਖ-ਵੱਖ ਹੁੰਦੀ ਹੈ। ਇਸ ਪ੍ਰਕਿਰਿਆ ਦੇ ਅੰਤਰਗਤ ਵਾਕ ਕੀ ਹੈ ? ਤੋਂ ਲੈ ਕੇ ਵਾਕ ਨੂੰ ਵਰਗੀਕ੍ਰਿਤ ਕਰਨ, ਵਾਕ ਬਣਤਰ ਅਤੇ ਵਾਕਾਂ ਵਿਚ ਸ਼ਬਦਾਂ ਦੇ ਆਪਸੀ ਮੇਲ ਤੇ ਅਧਿਕਾਰ ਦੇ ਸੰਕਲਪਾਂ ਨੂੰ ਵਿਚਾਰਿਆ ਜਾਂਦਾ ਹੈ।

**ਮੀਲੀਅਟ ਅਨੁਸਾਰ :** ਵਾਕ ਸ਼ਬਦਾਂ ਦਾ ਸਮੂਹ ਹੈ ਜਿਹੜਾ ਵਿਆਕਰਨਕ ਨਿਯਮਾਂ ਅਨੁਸਾਰ ਜੁੜਿਆ ਹੁੰਦਾ ਹੈ ਅਤੇ ਜੋ ਵਿਆਕਰਨਕ ਤੌਰ ਤੇ ਹੋਰ ਕਿਸੇ ਵੱਡੇ ਸਮੂਹ ਦੇ ਅਧੀਨ ਨਹੀਂ ਹੁੰਦਾ ਅਤੇ ਆਪਣੇ ਆਪ ਵਿੱਚ ਇੱਕ ਸੰਪੂਰਨ ਹੁੰਦਾ ਹੈ।"[1]

ਵਾਕਾਂ ਰਾਹੀਂ ਇਨਸਾਨਾਂ ਦੇ ਵਿਚਾਰਾਂ ਦੀ ਅਭਿਵਿਅਕਤੀ ਹੁੰਦੀ ਹੈ। **'ਆਟੋਜ਼ਸ ਪਰਸਨ'** ਅਨੁਸਾਰ ਵਾਕ ਵਿੱਚ ਸੰਪੂਰਨਤਾ ਅਤੇ ਸਵੈ ਅਧੀਨਤਾ ਇਸਦੇ ਇਕੱਲੇ ਤੌਰ ਤੇ ਹੋਂਦ ਵਿਚ ਆਉਣ ਵਾਲੇ ਇਕੱਲੇ ਤੇ ਉਚਾਰੇ ਜਾਣ ਦੀ ਯੋਗਤਾ ਤੋਂ ਪ੍ਰਗਟ ਹੁੰਦੀ ਹੈ। ਵਾਕ ਮਨੁੱਖ ਦੇ ਅਮੂਰਤ ਵਿਚਾਰਾਂ ਨੂੰ ਸਮੂਰਤ ਤੇ ਸਾਰਥਕ ਸਰੂਪ ਪ੍ਰਦਾਨ ਕਰਦਾ ਹੈ। ਇਸ ਦੁਆਰਾ ਹੀ ਮਨੁੱਖ ਸੋਚਦਾ, ਸਮਝਦਾ ਤੇ ਬੋਲਦਾ ਹੈ।

**ਕੁਫਨਰ ਅਨੁਸਾਰ** :"ਵਾਕ ਸ਼ਬਦਾਂ ਦਾ ਉਹ ਸਮੂਹ ਹੈ, ਜਿਸ ਵਿਚ ਇਕ ਉਦੇਸ਼ ਤੇ ਵਿਧੇ ਹੁੰਦਾ ਹੈ ਅਤੇ ਉਹ ਕਿਸੇ ਇਕਾਈ ਦੇ ਅਧੀਨ ਨਹੀਂ ਹੁੰਦਾ ਸਗੋਂ ਸਵਾਧੀਨ ਵਾਕ ਹੁੰਦਾ ਹੈ।"[3]

**ਬਲੂਮਫੀਲਡ ਅਨੁਸਾਰ :** "ਵਾਕ ਇੱਕ ਸੁਤੰਤਰ ਭਾਸ਼ਾਈ ਇਕਾਈ ਹੈ ਜਿਹੜੀ ਆਪਣੀ ਵਿਆਕਰਨਕ ਵਿਸ਼ੇਸ਼ਤਾ ਕਾਰਨ ਕਿਸੇ ਹੋਰ ਵੱਡੀ ਇਕਾਈ ਦੇ ਅਧੀਨ ਨਹੀਂ ਹੁੰਦੀ।"[4]

ਇਸ ਤਰ੍ਹਾਂ ਇਹ ਕਿਹਾ ਜਾ ਸਕਦਾ ਹੈ ਕਿ ਵਾਕ ਸ਼ਬਦਾਂ ਦਾ ਸਮੂਹ ਹੁੰਦਾ ਹੈ। ਜਿਸ ਵਿਚ ਇਕ ਉਦੇਸ਼ ਤੇ ਵਿਧੇ ਹੁੰਦਾ ਹੈ। ਇਹ ਵਿਅਕਤੀ ਦੇ ਮੁਕੰਮਲ ਭਾਵਾਂ ਨੂੰ ਪੇਸ਼ ਕਰਦਾ ਹੈ।

## ੳ)	ਵਾਕ ਵਰਗੀਕਰਨ :

ਕਿਸੇ ਭਾਸ਼ਾ ਦੀ ਵਾਕ ਬਣਤਰ ਨੂੰ ਸਮਝਣ ਲਈ ਵਾਕ ਨੂੰ ਵਰਗਾਂ ਵਿਚ ਵੰਡ ਸਕਦੇ ਹਾਂ। ਇਸ ਲਈ ਭਾਸ਼ਾ ਵਿਗਿਆਨੀਆਂ ਨੇ ਵਾਕਾਂ ਦੀ ਰਚਨਾ ਪ੍ਰਕਿਰਿਆ ਨੂੰ ਸਮਝਣ ਲਈ, ਇਸ ਨੂੰ ਦੋ ਵਰਗਾਂ ਵਿਚ ਵੰਡਿਆ ਹੈ:-

1. ਬਣਤਰ/ਰੂਪ ਆਧਾਰਿਤ
2. ਪ੍ਰਕਾਰਜ ਆਧਾਰਿਤ

ਵਾਕ ਵਰਗੀਕਰਨ ਦਾ ਮਾਡਲ :

- ਵਾਕ
  - ਬਣਤਰ/ ਰੂਪ ਆਧਾਰਿਤ-
    - ਕਿਰਿਆਵੀ
      - ਸਾਧਾਰਨ
      - ਸੰਯੁਕਤ
      - ਮਿਸ਼ਰਤ
    - ਕਿਰਿਆ ਰਹਿਤ
      - ਸੰਦਰਭ ਮੂਲਕ
      - ਰੈਡੀਮੇਡ
  - ਪ੍ਰਕਾਰਜ ਆਧਾਰਿਤ
    - ਬਿਆਨੀਆ
    - ਪ੍ਰਸ਼ਨਵਾਚਕ
    - ਆਗਿਆਵਾਚਕ

## ਅ)	ਬਣਤਰ/ਰੂਪ ਆਧਾਰਿਤ :

ਵਾਕਾਂ ਨੂੰ ਰੂਪ ਦੀ ਦ੍ਰਿਸ਼ਟੀ ਤੋਂ ਦੋ ਵਰਗਾਂ ਵਿਚ ਵੰਡਿਆ ਜਾਂਦਾ ਹੈ:-

1. ਕਿਰਿਆਵੀ ਵਾਕ
2. ਕਿਰਿਆ ਰਹਿਤ ਵਾਕ

## 1. ਕਿਰਿਆਵੀ ਵਾਕ :

ਇਹਨਾਂ ਵਾਕਾਂ ਵਿਚ ਇਕ ਕਾਲਕੀ ਕਿਰਿਆ ਮੌਜੂਦ ਹੁੰਦੀ ਹੈ। ਇਹਨਾਂ ਵਾਕਾਂ ਨੂੰ ਤਿੰਨ ਵਰਗਾਂ ਵਿਚ ਵੰਡਿਆ ਜਾਂਦਾ ਹੈ: (ੳ) ਸਾਧਾਰਨ ਵਾਕ (ਅ) ਸੰਯੁਕਤ ਵਾਕ (ੲ) ਮਿਸ਼ਰਤ ਵਾਕ

**i. ਸਾਧਾਰਨ ਵਾਕ** : ਇਸ ਵਿਚ ਇਕ ਮੁੱਖ ਉਪਵਾਕ ਹੁੰਦਾ ਹੈ ਤੇ ਇਸ ਵਿਚ ਇਕ ਹੀ ਕਾਲਕੀ ਕਿਰਿਆ ਵਾਕੰਸ਼ ਹੁੰਦਾ ਹੈ ਜਾਂ ਕਿਰਿਆ ਪੂਰਕ ਆ ਕੇ ਕਿਰਿਆ ਵਾਕੰਸ਼ ਦਾ ਕਾਰਜ ਨਿਭਾਉਂਦਾ ਹੈ; ਜਿਵੇਂ:

(i) ਵਿਦਿਆਰਥੀ ਪੜ੍ਹਦਾ ਹੈ।[5]

ਇਸ ਵਾਕ ਵਿੱਚ "ਵਿਦਿਆਰਥੀ" ਕਰਤਾ, 'ਪੜ੍ਹਦਾ' ਕਿਰਿਆ ਪੂਰਕ ਅਤੇ 'ਹੈ' ਕਿਰਿਆ ਹੈ।

(ii) **ਸੰਯੁਕਤ ਵਾਕ** : ਸਾਧਾਰਨ ਵਾਕਾਂ ਨੂੰ ਸਮਾਨ ਯੋਜਕਾਂ ਨਾਲ ਜੋੜ ਕੇ ਸੰਯੁਕਤ ਵਾਕ ਬਣਦਾ ਹੈ। ਇਸ ਵਿਚ ਦੋ ਕਿਰਿਆਵਾਂ ਹੁੰਦੀਆਂ ਹਨ, ਭਾਵ ਕਰਤੇ ਦੁਆਰਾ ਦੋ ਕੰਮ ਕੀਤੇ ਜਾਂਦੇ ਹਨ ਜਾਂ ਇੱਕ ਵਾਕ ਵਿੱਚ ਇੱਕ ਤੋਂ ਵਧੇਰੇ ਕਰਤਾ ਵੀ ਹੋ ਸਕਦੇ ਹਨ। ਇਹਨਾਂ ਨੂੰ ਯੋਜਕ ਦੀ ਸਹਾਇਤਾ ਨਾਲ ਜੋੜਿਆ ਜਾਂਦਾ ਹੈ, ਜਿਸ ਵਿਚ 'ਅਤੇ', 'ਤੇ', 'ਪਰ', 'ਸੋ' ਅਤੇ /,। ਆਦਿ ਸਮਾਨ ਯੋਜਕਾਂ ਦੀ ਵਰਤੋਂ ਦੋ ਸਾਧਾਰਨ ਵਾਕਾਂ ਨੂੰ ਜੋੜਨ ਲਈ ਕੀਤੀ ਜਾਂਦੀ ਹੈ।

(ੳ) ਉਹ ਗਰੀਬ ਹੈ **ਪਰ** ਇਮਾਨਦਾਰ ਨਹੀਂ।

(ਅ) ਰਾਮ ਖੇਡਦਾ ਸੀ **ਤੇ** ਸ਼ਾਮ ਪੜ੍ਹ ਰਿਹਾ ਸੀ।

(iii) **ਮਿਸ਼ਰਿਤ ਵਾਕ** : ਮਿਸ਼ਰਿਤ ਵਾਕ ਵਿਚ ਸਵਾਧੀਨ ਉਪਵਾਕ ਨਾਲ ਘੱਟੋ-ਘੱਟ ਇਕ ਪਰਾਧੀਨ ਉਪਵਾਕ ਜ਼ਰੂਰ ਆਉਂਦਾ ਹੈ। ਸਵਾਧੀਨ ਉਪਵਾਕ ਦਾ ਕਿਰਿਆ ਵਾਕੰਸ਼

ਕਾਲਕੀ ਤੇ ਪਰਾਧੀਨ ਉਪਵਾਕ ਦਾ ਕਿਰਿਆ ਵਾਕੰਸ਼ ਆਕਲਕੀ ਵੀ ਹੋ ਸਕਦਾ ਹੈ। ਪਰਾਧੀਨ ਉਪਵਾਕ ਅਧੀਨ ਯੋਜਕ ਦੁਆਰਾ ਸਵਾਧੀਨ ਉਪਵਾਕ ਨਾਲ ਜੁੜਦਾ ਹੈ।

ਪੰਜਾਬੀ ਭਾਸ਼ਾ ਵਿਚ /ਜੇ, ਜੋ, ਜਿਹੜਾ, ਜਿਉਂ, ਜਾ, ਪਰ/ ਆਦਿ ਪ੍ਰਕਾਰ ਦੇ ਯੋਜਕਾਂ ਨਾਲ ਸ਼ੁਰੂ ਹੋਣ ਵਾਲੇ ਵਾਕ ਦੇ ਸਮੂਹ ਵਿਚ ਪਰਾਧੀਨ ਉਪਵਾਕ ਪਹਿਲਾ ਤੇ ਬਾਅਦ ਵਿਚ ਸਵਾਧੀਨ ਵਾਕ ਹੁੰਦੇ ਹਨ ਅਤੇ /ਜਦੋਂ ਕਿ/ ਯੋਜਕ ਨਾਲ ਸ਼ੁਰੂ ਹੋਣ ਵਾਲੇ ਉਪਵਾਕਾਂ ਵਿਚ ਸਵਾਧੀਨ ਵਾਕ ਪਹਿਲਾਂ ਤੇ ਪਰਾਧੀਨ ਵਾਕ ਬਾਅਦ ਵਿਚ ਆਉਂਦੇ ਹਨ;

(ੳ) ਸ਼ਾਮ ਪਿੰਡ ਪਹੁੰਚਦਿਆਂ ਹੀ ਬਿਮਾਰ ਪੈ ਗਿਆ।

(ਅ) ਮੁੰਡੇ ਨੇ ਸ਼ਹਿਰ ਜਾ ਕੇ ਦੇਖਿਆ ਕਿ ਉੱਥੇ ਸਭ ਕੁਝ ਅਜੀਬ ਸੀ।

(ੳ)1. ਸ਼ਾਮ ਪਿੰਡ ਪਹੁੰਚਦਿਆਂ ਹੀ...................... ਪਰਾਧੀਨ ਉਪਵਾਕ

2. ਸ਼ਾਮ ਬਿਮਾਰ ਪੈ ਗਿਆ..................... ਸਵਾਧੀਨ ਉਪਵਾਕ

(ਅ)3. ਮੁੰਡੇ ਨੇ ਸ਼ਹਿਰ ਜਾ ਕੇ ਦੇਖਿਆ................. ਸਵਾਧੀਨ ਉਪਵਾਕ

4. ਕਿ ਉੱਥੇ ਸਭ ਕੁਝ ਅਜੀਬ ਸੀ................. ਪਰਾਧੀਨ ਉਪਵਾਕ

## 2. ਕਿਰਿਆ ਰਹਿਤ ਵਾਕ :

ਕਿਰਿਆ ਰਹਿਤ ਵਾਕ ਵਿਚ ਕਾਲਕੀ ਜਾਂ ਅਕਾਲਕੀ ਕਿਰਿਆ ਦੋਹਾਂ ਵਿਚੋਂ ਕੋਈ ਨਹੀਂ ਹੁੰਦੀ। ਇਸ ਵਿਚ ਵਿਆਕਰਨਕ ਅਪੂਰਨਤਾ ਪ੍ਰਸੰਗਿਕ ਸੰਪੂਰਨਤਾ ਰਾਹੀਂ ਸਾਕਾਰ ਹੁੰਦੀ ਹੈ, ਕਿਰਿਆ ਰਹਿਤ ਵਾਕਾਂ ਨੂੰ ਅੱਗੇ ਦੋ ਭਾਗਾਂ ਵਿਚ ਵੰਡਿਆ ਜਾਂਦਾ ਹੈ- ਸੰਦਰਭਮੂਲਕ ਵਾਕ ਤੇ ਰੈਡੀਮੇਡ ਵਾਕ।

(i) **ਰੈਡੀਮੇਡ ਵਾਕ** : ਰੈਡੀਮੇਡ ਵਾਕ ਕਿਰਿਆ ਰਹਿਤ ਤਾਂ ਹੁੰਦੇ ਹਨ ਪਰ ਇਹ ਵਾਕ ਸੰਦਰਭਮੂਲਕ ਵਾਕਾਂ ਵਾਂਗ ਵਿਆਕਰਨਿਕ ਜਾਂ ਅਰਥ ਪੱਖੋਂ ਅਪੂਰਨ ਨਹੀਂ ਹੁੰਦੇ। ਇਹ ਵਾਕ ਆਪਣੇ ਆਪ ਵਿੱਚ ਸੁਤੰਤਰ ਤੇ ਅਰਥ ਪੂਰਨ ਹੁੰਦੇ ਹਨ। ਪੰਜਾਬੀ ਵਿੱਚ ਇਹਨਾਂ ਵਾਕਾਂ ਦੀਆਂ ਉਦਾਹਰਨਾਂ ਵੇਖੀਆਂ ਜਾ ਸਕਦੀਆਂ ਹਨ।

(ੳ) ਜੀ ਆਇਆਂ ਨੂੰ

(ਅ) ਸਤਿ ਸ੍ਰੀ ਅਕਾਲ

(ii) **ਸੰਦਰਭਮੂਲਕ ਵਾਕ** : ਸੰਦਰਭਮੂਲਕ ਵਾਕਾਂ ਦਾ ਆਪਣਾ ਕੋਈ ਅਰਥ ਨਹੀਂ ਹੁੰਦਾ ਬਲਕਿ ਇਹ ਕਿਸੇ ਖਾਸ ਸੰਦਰਭ ਵਿਚ ਹੀ ਆਪਣਾ ਅਰਥ ਸਾਕਾਰ ਕਰਦੇ ਹਨ। ਇਹਨਾਂ ਵਾਕਾਂ ਦੀ ਸੰਰਚਨਾਤਮਕ ਅਪੂਰਨਤਾ ਸੰਦਰਭ ਵਿੱਚ ਸਪੱਸ਼ਟ ਹੁੰਦੀ ਹੈ ਪ੍ਰੰਤੂ ਸੰਦਰਭ ਤੋਂ ਬਾਹਰ ਇਨ੍ਹਾਂ ਦੀ ਸਾਰਥਿਕਤਾ ਕਾਇਮ ਨਹੀਂ ਰਹਿੰਦੀ।

(ੳ) ਦਿੱਲੀਓਂ ਕੌਣ ਸਾਹਿਬ ਆ ਰਹੇ ਹਨ ?

(ਅ) ਡਾਕਟਰ ਸਾਹਿਬ ਆ ਰਹੇ ਹਨ।

ਵਿਆਕਰਨਕ ਦ੍ਰਿਸ਼ਟੀ ਤੋਂ "ਡਾਕਟਰ ਸਾਹਿਬ" ਵਾਲਾ ਵਾਕ ਅਪੂਰਨ ਵਾਕ ਹੈ। ਪਰ ਪ੍ਰਸ਼ਨ ਦੇ ਸੰਦਰਭ ਵਿਚ ਇਹ ਵਾਕ ਵਿਆਕਰਨਕ ਅਰਥ ਪੱਖੋਂ ਸੰਪੂਰਨ ਹੈ।

**(ੲ) ਪ੍ਰਕਾਰਜ ਤੇ ਆਧਾਰਿਤ** : ਭਾਸ਼ਾ ਵਿਗਿਆਨੀਆਂ ਅਨੁਸਾਰ ਪ੍ਰਕਾਰਜ ਦੇ ਆਧਾਰ ਤੇ ਵਾਕ ਤਿੰਨ ਤਰ੍ਹਾਂ ਦੇ ਹੁੰਦੇ ਹਨ : ਪ੍ਰਸ਼ਨਵਾਚਕ, ਅਗਿਆਵਾਚੀ, ਬਿਆਨੀਆ

(i) **ਪ੍ਰਸ਼ਨਵਾਚਕ ਵਾਕ** : ਜਿਸ ਵਾਕ ਵਿਚ ਪ੍ਰਸ਼ਨਵਾਚੀ ਸ਼ਬਦ ਜਾਂ ਉਚਾਰਨ ਲਹਿਜੇ ਨਾਲ ਕੋਈ ਪ੍ਰਸ਼ਨ ਪੁੱਛਿਆ ਜਾਵੇ, ਉਹ ਪ੍ਰਸ਼ਨਵਾਚੀ ਵਾਕ ਹੁੰਦੇ ਹਨ, ਇਹ ਵੀ ਅੱਗੋਂ ਤਿੰਨ ਤਰ੍ਹਾਂ ਦੇ ਹੁੰਦੇ ਹਨ ;

1. ਹਾਂ ਜਾਂ ਨਾਂਹ ਵਾਚੀ ਪ੍ਰਸ਼ਨ (ਇਸ ਦਾ ਉੱਤਰ ਹਾਂ ਜਾਂ ਨਾਂਹ ਵਿਚ ਹੁੰਦਾ ਹੈ।)

ੳ. ਹੁਣ ਤਾਂ ਮੈਂ ਜਾ ਸਕਦਾ ਹਾਂ?

2. ਪ੍ਰਸ਼ਨਸੂਚੀ ਪ੍ਰਸ਼ਨ (ਕੌਣ, ਕਿਸ, ਕਿਵੇਂ, ਕਿਸ ਤਰ੍ਹਾਂ, ਕਿੰਨਾਂ ਆਦਿ ਦੀ ਵਰਤੋਂ ਹੁੰਦੀ ਹੈ।)

ੳ. ਅਸੀਂ ਗੁਜਾਰਾ ਕਿਸ ਤਰ੍ਹਾਂ ਕਰਾਂਗੇ?

3. ਪੁਸ਼ਟੀ ਪ੍ਰਸ਼ਨ (ਹਾਂ ਜਾਂ ਨਾਂਹ ਵਾਚੀ ਅਤੇ ਪ੍ਰਸ਼ਨਸੂਚੀ ਦੋਵੇਂ ਤਰ੍ਹਾਂ ਦੇ ਹੁੰਦੇ ਹਨ )

ੳ. ਤੁਸੀਂ ਦਿੱਲੀ ਜਾ ਆਏ?

(ii) **ਆਗਿਆਵਾਚੀ ਵਾਕ** : ਇਸ ਵਿਚ ਵਾਕ ਦਾ ਕਰਤਾ ਗੈਰਹਾਜ਼ਰ ਹੁੰਦਾ ਹੈ ਤੇ ਤੀਜੇ ਪੁਰਖ ਨੂੰ ਸੰਬੋਧਿਤ ਕੀਤਾ ਜਾਂਦਾ ਹੈ। ਇਹਨਾਂ ਵਾਕਾਂ ਦੀ ਵਰਤੋਂ ਉਸ ਸਮੇਂ ਕੀਤੀ ਜਾਂਦੀ ਹੈ, ਜਦੋਂ ਭਾਸ਼ਾਈ ਬੁਲਾਰਾ ਸਰੋਤੇ ਨੂੰ ਕੋਈ ਉਦੇਸ਼, ਬੇਨਤੀ, ਹੁਕਮ ਜਾਂ ਆਗਿਆ ਦੇਣਾ ਚਾਹੁੰਦਾ ਹੋਵੇ, ਇਹ ਦੋ ਤਰ੍ਹਾਂ ਦੇ ਹੁੰਦੇ ਹਨ ;

(1) ਹੁਕਮੀ ਵਾਕ : ਜਦ ਭਾਸ਼ਾਈ ਬੁਲਾਰਾ ਸਰੋਤੇ ਨੂੰ ਹੁਕਮ ਕਰਦਾ ਹੈ।

(2) ਬੇਨਤੀਵਾਚਕ ਵਾਕ : ਜਦ ਭਾਸ਼ਾਈ ਬੁਲਾਰਾ ਸਰੋਤੇ ਅੱਗੇ ਬੇਨਤੀ ਕਰਦਾ ਹੈ

**(iii) ਬਿਆਨੀਆ ਵਾਕ** : ਭਾਸ਼ਾਈ ਬੁਲਾਰੇ ਦੁਆਰਾ ਗ੍ਰਹਿਣ ਕੀਤੀ ਗਈ ਸੂਚਨਾ ਨੂੰ ਦੂਜਿਆਂ ਤੱਕ ਪਹੁੰਚਾਉਣ ਲਈ ਬਿਆਨੀਆ ਵਾਕਾਂ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਵਿਚ ਅਟੱਲ ਸੱਚਾਈਆਂ ਦਾ ਵਰਣਨ ਕਰਨ ਲਈ ਬਿਆਨੀਆ ਵਾਕਾਂ ਦੀ ਵਰਤੋਂ ਕੀਤੀ ਜਾਂਦੀ ਹੈ। ਇਹ ਵਾਕ ਤਿੰਨ ਕਾਲਾਂ-ਵਰਤਮਾਨ, ਭੂਤਕਾਲ ਤੇ ਭਵਿੱਖਕਾਲ ਨਾਲ ਸੰਬੰਧਿਤ ਹੁੰਦੇ ਹਨ।

**2 ਸ਼ਬਦ ਪੱਧਰ** : ਸਬਦ ਪੱਧਰ ਦੇ ਅਧਿਐਨ ਵਿਚ ਸ਼ਬਦ ਕੀ ਹੈ। ਤੋਂ ਲੈ ਕੇ ਸ਼ਬਦ ਦੀਆਂ ਕਿਸਮਾਂ, ਸ਼ਬਦਾਂ ਦੀ ਬਣਤਰ, ਸ਼ਬਦਾਂ ਦੀ ਰਚਨਾ, ਉਧਾਰੇ ਸ਼ਬਦ, ਸ਼ਬਦ ਵਿਉਂਤਪਤੀ ਤੇ ਸ਼ਬਦ ਜੋੜਾਂ ਦੇ ਪੱਖਾਂ ਨੂੰ ਵਿਚਾਰਿਆ ਜਾਂਦਾ ਹੈ।'ਸ਼ਬਦ' ਭਾਸ਼ਾ ਦੀ ਛੋਟੀ ਤੋਂ ਛੋਟੀ ਸੁਤੰਤਰ ਸਾਰਥਕ ਇਕਾਈ ਹੈ। ਇਹ ਧੁਨੀ ਸਮੂਹ ਇਕ ਵਿਸ਼ੇਸ਼ ਤਰਤੀਬ ਵਿਚ ਆ ਕੇ ਸਾਰਥਕਤਾ ਗ੍ਰਹਿਣ ਕਰਦਾ ਹੈ। ਸ਼ਬਦਾਂ ਦਾ ਨਿਰਮਾਣ 'ਭਾਵੰਸ਼ਾਂ' ਤੋਂ ਹੁੰਦਾ ਹੈ, 'ਭਾਵੰਸ਼' ਸ਼ਬਦਾਂ ਦਾ ਪ੍ਰਕਾਰਜੀ ਰੂਪ ਹੈ।ਇਸ ਲਈ ਇਸਨੂੰ ਸ਼ਬਦ ਦੀ ਰਚਨਾਤਮਿਕ ਇਕਾਈ ਮੰਨਿਆ ਜਾਂਦਾ ਹੈ। ਸ਼ਬਦ ਦੀ ਅੰਦਰੂਨੀ ਬਣਤਰ ਦਾ ਅਧਿਐਨ ਭਾਵੰਸ਼ ਵਿਗਿਆਨ ਦੁਆਰਾ ਕੀਤਾ ਜਾਂਦਾ ਹੈ। ਸ਼ਬਦ ਸੁਤੰਤਰ ਭਾਵੰਸ਼ ਹੈ। ਵਾਕ ਵਿਚ ਵਰਤੇ ਭਾਵੰਸ਼ ਤੇ ਉਹਨਾਂ ਨਾਲ ਜੁੜਨ ਵਾਲੇ ਅੰਸ਼ਾਂ ਦਾ ਅਧਿਐਨ ਹੀ ਸ਼ਬਦਗਤ ਅਧਿਐਨ ਦਾ ਹਿੱਸਾ ਬਣਦੇ ਹਨ।

ਸ਼ਬਦ ਪੱਧਰ ਦੇ ਤਿੰਨ ਆਧਾਰ ਮੰਨੇ ਜਾਂਦੇ ਹਨ :-

ੳ. ਸ਼ਬਦਾਵਲੀ

ਅ. ਸ਼ਬਦ ਬਣਤਰ

ੲ. ਸ਼ਬਦ ਰਚਨਾ

**ੳ. ਸ਼ਬਦਾਵਲੀ** : ਸ਼ਬਦ ਭਾਸ਼ਾ ਦੀ ਛੋਟੀ ਤੋਂ ਛੋਟੀ ਸੁਤੰਤਰ ਪ੍ਰੰਤੂ ਸਾਰਥਕ ਵਿਆਕਰਨ ਇਕਾਈ ਹੈ। ਸ਼ਬਦ ਵਾਕ ਵਿਚ ਸੁਤੰਤਰ ਰੂਪ ਵਿਚ ਵਿਚਰ ਸਕਦੇ ਹਨ ਪ੍ਰੰਤੂ ਵਾਕ ਬਣਤਰਾਂ ਵਿਚ 'ਸ਼ਬਦ' ਸ਼ਬਦਾਂ ਵਜੋਂ ਨਹੀਂ ਸਗੋਂ ਸ਼ਬਦ ਸ਼੍ਰੇਣੀਆਂ ਵਜੋਂ ਵਿਚਰਦੇ ਹਨ। ਹਰ ਤਰ੍ਹਾਂ ਦੇ ਸ਼ਬਦਾਂ ਦਾ ਪ੍ਰਕਾਰਜ, ਰੂਪ, ਵਾਕ ਬਣਤਰਾਂ ਵਿਚ ਵੱਖ-ਵੱਖ ਹੁੰਦਾ ਹੈ। ਰੂਪ ਦੇ ਆਧਾਰ ਤੇ ਪੰਜਾਬੀ ਸ਼ਬਦਾਵਲੀ ਦੋ ਤਰ੍ਹਾਂ ਦੀ ਹੁੰਦੀ ਹੈ। ਵਿਕਾਰੀ ਅਤੇ ਅਵਿਕਾਰੀ

(ਅ) **ਸ਼ਬਦ ਬਣਤਰ** : ਸ਼ਬਦ ਬਣਤਰ ਦਾ ਸੰਬੰਧ ਭਾਵੰਸ਼ ਵਿਉਂਤ ਨਾਲ ਹੈ। ਸ਼ਬਦ ਬਣਤਰ ਤੋਂ ਭਾਵ ਉਹ ਵਿਆਕਰਨਕ ਪ੍ਰਣਾਲੀ ਤੋਂ ਹੈ ਜੋ ਵਾਕ ਵਿਚ ਵਰਤੇ ਜਾਂਦੇ ਸ਼ਬਦ ਨੂੰ ਲਿੰਗ, ਵਚਨ, ਕਾਰਜ, ਅਨੁਸਾਰ ਬਦਲਦੀ/ਢਾਲਦੀ ਹੈ।

ਪੰਜਾਬੀ ਸ਼ਬਦ ਬਣਤਰ ਵਿਚ ਦੋ ਤਰ੍ਹਾਂ ਦੇ ਤੱਤ 'ਧਾਤੂ' ਅਤੇ 'ਵਧੇਤਰ' ਪਾਏ ਜਾਂਦੇ ਹਨ। 'ਸ਼ਬਦ' ਦੇ ਜਿਸ ਤੱਤ ਉੱਤੇ ਬਣਤਰ ਦੇ ਨਿਯਮ ਲਗਾਏ ਜਾਂਦੇ ਹਨ ਉਹ 'ਧਾਤੂ' ਹੁੰਦਾ ਹੈ। ਜਦੋਂ ਕਿਸੇ ਸ਼ਬਦ ਤੋਂ ਸਾਰੇ 'ਵਧੇਤਰ' ਹਟਾ ਦਿੱਤੇ ਜਾਣ ਤਾਂ ਬਾਕੀ ਬਚਦਾ ਰੂਪ ਧਾਤੂ ਹੁੰਦਾ ਹੈ, ਭਾਵ ਕਿ ਸ਼ਬਦ ਦੇ ਸਾਰੇ ਅਗੇਤਰ/ਪਿਛੇਤਰ ਨੂੰ ਹਟਾ ਦਿੱਤਾ ਜਾਂਦਾ ਹੈ।ਜਿਵੇਂ :- ਕਰਨਾ, ਕਰਦਾ, ਕਰਵਾਉਣਗੇ, ਕਰਨਗੇ ਆਦਿ ਸ਼ਬਦਾਂ ਵਿਚ ਮੂਲ ਧਾਤੂ 'ਕਰ' ਤੇ ਵਧੇਤਰ ਨਾ, ਦਾ, ਵਾਉਣਗੇ, ਨਗੇ ਹਨ। ਇਹ ਤਿੰਨ ਤਰ੍ਹਾਂ ਦੇ ਹੁੰਦੇ ਹਨ ਸਾਧਾਰਨ ਧਾਤੂ, ਸੰਯੁਕਤ ਧਾਤੂ, ਮਿਸ਼ਰਤ ਧਾਤੂ। ਸਾਧਾਰਨ ਧਾਤੂ ਵਿਚ ਇਕ ਧਾਤੂ ਹੁੰਦਾ ਹੈ ਜੋ ਸੁਤੰਤਰ ਭਾਵੰਸ਼ ਰੂਪ ਵਿਚ ਵਿਚਰਦਾ ਹੈ।ਸੰਯੁਕਤ ਧਾਤੂ ਸੁਤੰਤਰ ਭਾਵੰਸ਼ ਦੇ ਮੇਲ ਤੋਂ ਬਣਦਾ ਹੈ ਤੇ ਇਹ ਇਕੱਲੇ ਸੁਤੰਤਰ ਤੌਰ ਤੇ ਵੀ ਸਾਰਥਕ ਹੁੰਦੇ ਹਨ। ਮਿਸ਼ਰਤ ਧਾਤੂ ਵਿਚ ਇਕ ਤੋਂ ਵੱਧ ਭਾਵੰਸ਼ ਹੁੰਦੇ ਹਨ, ਇਹ ਸੁਤੰਤਰ ਤੇ ਬੰਧੇਜੀ ਦੋ ਕਿਸਮਾਂ ਦੇ ਹੁੰਦੇ ਹਨ, ਇਸ ਵਿਚ ਇਕ ਸੁਤੰਤਰ ਭਾਵੰਸ਼ ਹੋਣਾ ਜ਼ਰੂਰੀ ਹੁੰਦਾ ਹੈ।

(ੲ) **ਸ਼ਬਦ ਰਚਨਾ** : ਸ਼ਬਦ ਰਚਨਾ ਕਿਸੇ ਭਾਸ਼ਾ ਦੇ ਸ਼ਬਦ ਭੰਡਾਰ ਵਿਚਲੇ ਵਾਧੇ ਦੇ ਨਾਲ-ਨਾਲ ਸ਼ਬਦਾਂ ਦੀ ਵਿਉਤਪਤੀ ਨਾਲ ਜੁੜੀ ਹੁੰਦੀ ਹੈ। ਸ਼ਬਦ ਰਚਨਾ ਭਾਸ਼ਾ ਦੀ ਰਚਨਾ ਪ੍ਰਕਿਰਿਆ ਨੂੰ ਪੇਸ਼ ਕਰਦੀ ਹੈ। ਸੰਬੰਧਿਤ ਭਾਸ਼ਾ ਦੇ ਨਿਕਾਸ, ਉਸ ਨਾਲ ਸੰਬੰਧਿਤ ਹੋਰ ਸੰਪਰਕ ਭਾਸ਼ਾਵਾਂ, ਸ਼ਬਦ ਰਚਨਾ ਉੱਤੇ ਭਰਪੂਰ ਪ੍ਰਭਾਵ ਪਾਉਂਦੀਆਂ ਹਨ।ਸ਼ਬਦ ਰਚਨਾ ਦੁਆਰਾ ਸ਼ਬਦਾਂ ਦਾ ਇਤਿਹਾਸਕ ਅਧਿਐਨ ਹੁੰਦਾ ਹੈ।

"ਵਿਉਤਪਤੀ ਦੇ ਨਾਲ ਹੀ, ਇਕ ਸ਼ਬਦ ਸ਼੍ਰੇਣੀ ਤੋਂ ਦੂਸਰੀ ਸ਼ਬਦ ਸ਼੍ਰੇਣੀ ਵਿਚ ਸ੍ਵਰ ਬਦਲੀ ਨਾਲ ਜਾਂ ਅਗੇਤਰ/ਪਿਛੇਤਰ ਜੋੜ ਕੇ ਬਣਾਏ ਜਾਣ ਵਾਲੇ ਸ਼ਬਦਾਂ ਦੇ ਨਿਯਮਪੂਰਵਕ ਅਧਿਐਨ ਨੂੰ ਸ਼ਬਦ ਰਚਨਾ ਕਿਹਾ ਜਾਂਦਾ ਹੈ।"[6]

ਪੰਜਾਬੀ ਭਾਸ਼ਾ ਦੀ ਸ਼ਬਦ ਰਚਨਾ ਦੇ ਆਧਾਰ ਵਿਉਤਪਤੀ, ਉਲਟ ਵਿਉਤਪਤੀ ਅਤੇ ਸ਼ਬਦ ਨਿਰਮਾਣ ਹਨ।

3. **ਅਰਥ ਪੱਧਰ :** ਇਸ ਵਿਚ ਅਰਥਾਂ ਦਾ ਅਧਿਐਨ ਕੀਤਾ ਜਾਂਦਾ ਹੈ ਤੇ ਇਸਦਾ ਪ੍ਰਗਟਾਵਾ ਸ਼ਬਦਾਂ ਦੁਆਰਾ ਹੁੰਦਾ ਹੈ। ਇਸ ਲਈ ਸ਼ਬਦ ਅਰਥਾਂ ਦੇ ਅਧਿਐਨ ਦਾ ਸਾਧਨ ਬਣਦੇ ਹਨ। ਅਰਥਾਂ ਦੇ ਅਧਿਐਨ ਦਾ ਸੰਬੰਧ ਮਨੋਵਿਗਿਆਨ, ਤਰਕ ਸ਼ਾਸਤਰ ਤੇ ਦਰਸ਼ਨ ਸ਼ਾਸਤਰ ਨਾਲ ਜੁੜਦਾ ਹੈ।

ਭਾਰਤੀ ਅਰਥ ਪ੍ਰੰਪਰਾ ਵਿਚ ਅਰਥ ਨੂੰ ਦੋ ਪ੍ਰਕਾਰ ਦੇ ਸਿਧਾਂਤਾਂ ਰਾਹੀਂ ਪੇਸ਼ ਕੀਤਾ ਹੈ – ਖੰਡ ਤੇ ਅਖੰਡ ਸਿਧਾਂਤ। ਖੰਡ ਸਿਧਾਂਤ ਅਰਥਾਂ ਦੀ ਖੰਡਿਤ ਪ੍ਰਕਿਰਤੀ ਨੂੰ ਸਵੀਕਾਰ ਕੇ ਸ਼ਬਦ ਨੂੰ ਮਾਨਵੀ ਚਿੰਤਨ ਪ੍ਰਕਿਰਿਆ ਦਾ ਮੁੱਖ ਆਧਾਰ ਮੰਨਦਾ ਹੈ ਅਤੇ ਅਖੰਡ ਸਿਧਾਂਤ ਵਿਚ ਅਰਥ ਨੂੰ ਅਰਥਾਂ ਦਾ ਮੁੱਖ ਸਰੋਤ ਮੰਨਿਆ ਜਾਂਦਾ ਹੈ। ਅਖੰਡ ਸਿਧਾਂਤ ਵਿਚ ਅਰਥ ਦੇ ਅਪੋਹ, ਸਫੋਟ ਤੇ ਧੁਨੀ ਸਿਧਾਂਤ ਨੂੰ ਪੇਸ਼ ਕੀਤਾ ਜਾਂਦਾ ਹੈ।

ਕ੍ਰਮਵਾਰ ਸ਼ਬਦ ਤੇ ਵਸਤੂ ਦੇ ਸਬੰਧਾਂ ਦੇ ਨਾਮਕਰਨ, ਸ਼ਬਦ ਦੇ ਵਾਕ ਨੂੰ ਅਰਥ ਪੂਰਨ ਇਕਾਈ ਮੰਨਣ ਤੇ ਸੁਝਾਓ ਅਰਥਾਂ ਅਰਥਾਤ ਸ਼ਬਦ ਦੀ ਵਿਅੰਜਨ ਸ਼ਕਤੀ ਨੂੰ ਕੇਂਦਰੀ ਧੁਰਾ ਮੰਨਦੇ ਹਨ। ਇਸ ਤਰ੍ਹਾਂ ਭਾਰਤੀ ਅਰਥ ਪ੍ਰੰਪਰਾ ਵਿੱਚ ਸ਼ਬਦ ਨੂੰ ਅਰਥ ਵਿਗਿਆਨਕ ਪੱਧਰ ਤੇ ਮੁੱਢਲੀ ਇਕਾਈ ਮੰਨਿਆ ਜਾਂਦਾ ਸੀ। ਅਰਥ ਨੂੰ ਪ੍ਰਸੰਗ ਦੇ ਸੰਦਰਭ ਵਿਚ ਉਹ ਪੂਰੀ ਤਰ੍ਹਾਂ ਸਮਝ ਨਹੀਂ ਸਕੇ। ਇਸ ਨੂੰ ਅੱਜ ਦੇ ਸਮੇਂ ਵਿਚ ਅਰਥ ਵਿਗਿਆਨ ਪੂਰਾ ਕਰਦਾ ਹੈ। ਇਹ

ਅਰਥਾਂ ਦੇ ਅਰਥ ਨਾਲ ਸੰਬੰਧਿਤ ਹੈ। ਇਸੇ ਦਾ ਸੰਬੰਧ ਭਾਸ਼ਾ ਦੀ ਸਤਹੀ ਸੰਰਚਨਾ ਤੇ ਗਹਿਨ ਸੰਰਚਨਾ ਨਾਲ ਹੈ।ਅਰਥ ਦੀਆਂ ਕਈ ਪਰਤਾਂ ਹਨ : ਸ਼ਾਬਦਿਕ, ਪ੍ਰਾਸੰਗਿਕ, ਸਮਾਨਾਰਥਕ, ਵਿਰੋਧਾਤਮਕ ਸ਼ਬਦ, ਬਹੁਅਰਥਕ ਤੇ ਸਮੂਹ-ਅਰਥਕ ਸ਼ਬਦ ਹਨ।

4 **ਔਰਥੋਗ੍ਰਫ਼ਿਕ ਪੱਧਰ** : ਔਰਥੋਗ੍ਰਾਫ਼ਿਕ ਪੱਧਰ ਦਾ ਸੰਬੰਧ ਭਾਸ਼ਾ ਦੇ ਲਿਖਤੀ ਸਰੂਪ ਨਾਲ ਹੈ। ਭਾਸ਼ਾ ਇਕ ਇੱਛਤ ਵਿਵਹਾਰ ਹੈ। ਮਨੁੱਖ ਭਾਸ਼ਾ ਨੂੰ ਸੰਚਾਰ ਮਾਧਿਅਮ ਵਜੋਂ ਵਰਤਦਾ ਹੈ। ਭਾਸ਼ਾ ਦਾ ਕਾਰਜ ਲਿਖਤ ਅਤੇ ਬੋਲ ਦੋ ਪੱਧਰਾਂ ਤੇ ਸਾਕਾਰ ਹੁੰਦਾ ਹੈ। ਭਾਸ਼ਾਈ ਅਧਿਐਨ ਲਈ ਔਰਥੋਗ੍ਰਾਫ਼ਿਕ ਵਿਉਂਤ, ਸਾਰਥਕ ਧੁਨੀ ਵਿਗਿਆਨ ਅਤੇ ਰੂਪ ਵਿਗਿਆਨ ਦਾ ਬਹੁਤ ਮਹੱਤਵ ਹੈ। ਔਰਥੋਗ੍ਰਾਫ਼ਿਕ ਵਿਉਂਤ ਤੇ ਭਾਸ਼ਾਈ ਅਧਿਐਨ ਲਈ ਅਖੰਡੀ ਧੁਨੀ ਚਿੰਨ੍ਹ, ਵਿਸ਼ਰਾਮ ਚਿੰਨ੍ਹ ਤੇ ਸ਼ਬਦ ਜੋੜਾਂ ਦਾ ਅਧਿਐਨ ਕੀਤਾ ਜਾਂਦਾ ਹੈ।

ਔਰਥੋਗ੍ਰਾਫ਼ਿਕ ਵਿਚ ਕਿਸੇ ਭਾਸ਼ਾ ਵਿਚ ਉਸ ਸਮੇਂ ਦੌਰਾਨ ਪ੍ਰਚਲਿਤ ਲਿਪੀ ਚਿੰਨ੍ਹਾਂ ਦਾ ਅਧਿਐਨ ਕੀਤਾ ਜਾਂਦਾ ਹੈ, ਇਸ ਨਾਲ ਭਾਸ਼ਾ ਵਿਚਲੇ ਸਵਰਾਂ, ਵਿਅੰਜਨਾਂ, ਸਵਰ ਵਾਹਕਾਂ ਤੇ ਅਰਥ ਸਵਰਾਂ ਦੇ ਵਿਕਾਸ ਨੂੰ ਸਮਝਣ ਵਿਚ ਸਹਾਇਤਾ ਮਿਲਦੀ ਹੈ। ਸ਼ਬਦ ਜੋੜਾਂ ਦਾ ਅਧਿਐਨ ਭਾਸ਼ਾ ਦੇ ਸੰਯੋਗਾਤਮਕ ਤੇ ਵਿਯੋਗਾਤਮਕ ਰੂਪਾਂ ਨੂੰ ਉਲੀਕਣ ਵਿਚ ਸਹਾਇਤਾ ਕਰਦਾ ਹੈ। ਸਾਹਿਤਕ ਕਿਰਤਾਂ ਦਾ ਅਧਿਐਨ ਕਰਦੇ ਸਮੇਂ ਵਿਸ਼ਰਾਮ ਚਿੰਨ੍ਹ ਵਿਸ਼ੇਸ਼ ਢੰਗ ਨਾਲ ਸਾਹਮਣੇ ਆਉਂਦੇ ਹਨ। ਵਿਸ਼ਰਾਮ ਚਿੰਨ੍ਹ ਕਿਸੇ ਲਿਖਤ ਨੂੰ ਪੜ੍ਹਨ ਤੇ ਸਮਝਣ ਵਿਚ ਚੰਗੀ ਤਰ੍ਹਾਂ ਸਹਾਇਕ ਹੁੰਦੇ ਹਨ।

5 **ਭਾਸ਼ਾਈ ਵਖਰੇਵੇਂ** : ਦੁਨੀਆਂ ਦੀ ਹਰ ਚੀਜ਼ ਵਿਚ ਪਰਿਵਰਤਨ ਆਉਂਦਾ ਰਹਿੰਦਾ ਹੈ। ਇਸ ਪਰਿਵਰਤਨ ਅਧੀਨ ਦਿਨ, ਰਾਤ, ਥਿੱਤਾਂ, ਰੀਤੀ ਰਿਵਾਜ਼, ਵਿਸ਼ਵਾਸਾਂ, ਨਦੀਆਂ ਆਦਿ ਸ਼ਾਮਿਲ ਹਨ। ਇਸ ਤਰ੍ਹਾਂ ਹੀ ਭਾਸ਼ਾ ਵਿਚ ਵੀ ਧੁਨੀਆਤਮਕ, ਧੁਨੀਗਰਾਮਕ,

ਰੂਪਾਤਮਕ, ਵਾਕਾਤਮਕ ਤੇ ਅਰਥਾਤਮਕ ਪੱਧਰ ਤੇ ਪਰਿਵਰਤਨ ਆਉਂਦਾ ਰਹਿੰਦਾ ਹੈ। ਇਸ ਦਾ ਅੰਦਾਜ਼ਾ ਅਸੀਂ ਕਿਸੇ ਇਕ ਸਮੇਂ ਤੋਂ ਨਹੀਂ ਲਗਾ ਸਕਦੇ, ਸਗੋਂ ਇਤਿਹਾਸਕ ਪੱਖਾਂ ਨੂੰ ਵੱਖ-ਵੱਖ ਸਮੇਂ ਤੇ ਤੁਲਨਾ ਕਰਕੇ ਲਗਾ ਸਕਦੇ ਹਾਂ, ਜਿਵੇਂ ਪੁਰਾਤਨ, ਮੱਧਕਾਲ ਤੇ ਆਧੁਨਿਕ ਪੰਜਾਬੀ ਵਿਚ ਇਹ ਵਖਰੇਵਾਂ ਬੜੀ ਅਸਾਨੀ ਨਾਲ ਵੇਖਿਆ ਜਾ ਸਕਦਾ ਹੈ। ਭਾਸ਼ਾ ਨਿਰੰਤਰ ਵਹਿੰਦੇ ਦਰਿਆ ਵਾਂਗ ਹੁੰਦੀ ਹੈ, ਇਸ ਵਿਚ ਸਮੇਂ ਸਮੇਂ ਬਾਅਦ ਬਹੁਤ ਸਾਰੇ ਨਵੇਂ ਸ਼ਬਦ ਰਲਦੇ ਰਹਿੰਦੇ ਹਨ। ਇਸ ਤਰ੍ਹਾਂ ਭਾਸ਼ਾ ਦੇ ਕਈ ਰੂਪ ਹੁੰਦੇ ਹਨ, ਪਰ ਜ਼ਿਆਦਾਤਰ ਭੂਗੋਲਿਕ ਸਥਿਤੀ ਹੀ ਭਾਸ਼ਾ ਦੇ ਰੂਪਾਂ ਨੂੰ ਨਿਰਧਾਰਿਤ ਕਰਦੀ ਹੈ। ਇਸ ਪ੍ਰਤੀ ਭਾਸ਼ਾ ਵਿਗਿਆਨੀਆਂ ਦਾ ਵਿਚਾਰ ਹੈ ਕਿ ਬੋਲਣ ਦਾ ਵਿਸ਼ੇਸ਼ ਢੰਗ ਜੋ ਕਿ ਇਕ ਵਿਸ਼ੇਸ਼ ਵਿਅਕਤੀ ਦਾ ਨਿਰਾਲਾ ਢੰਗ ਹੈ, ਜੇਕਰ ਮਨੁੱਖੀ ਸ੍ਰਵਣ ਸ਼ਕਤੀ ਪ੍ਰਬਲ ਹੋਵੇ ਤੇ ਸੂਖਮ ਭਿੰਨਤਾਵਾਂ ਨੂੰ ਇਕੱਤਰ ਕਰ ਸਕੀਏ ਤਾਂ ਅਸੀਂ ਸਹਿਜੇ ਹੀ ਇਸ ਨਤੀਜੇ ਤੇ ਅਪੜ ਸਕਦੇ ਹਾਂ ਕਿ ਵਿਅਕਤੀ ਦੀ ਭਾਸ਼ਾ ਵਿਸ਼ੇਸ਼ ਹੈ। ਇਸ ਕਰਕੇ ਵਿਅਕਤੀਗਤ ਉਚਾਰਨ ਤੋਂ ਸਮੁੱਚੀ ਮਨੁੱਖੀ ਭਾਸ਼ਾ ਤਕ ਬਹੁਤ ਵੱਡਾ ਖੇਤਰ ਹੈ, ਜਿਸ ਵਿਚ ਭਾਸ਼ਾਈ ਵਖਰੇਵਿਆਂ ਨੂੰ ਦੇਖਿਆ ਜਾ ਸਕਦਾ ਹੈ। ਭਾਸ਼ਾ ਪਰਿਵਰਤਨ ਕਾਰਨ ਹੀ ਭਾਸ਼ਾ ਵੰਨਗੀਆਂ ਹੋਂਦ ਵਿਚ ਆਉਂਦੀਆਂ ਹਨ। ਇਹ ਪਰਿਵਰਤਨ ਸਮੇਂ, ਸਥਾਨ, ਸ਼੍ਰੇਣੀ ਤੇ ਜਾਤ ਅਨੁਸਾਰ ਆਉਂਦੇ ਹਨ।

ਸੰਚਾਰ ਦੇ ਪੱਖ ਤੋਂ ਭਾਸ਼ਾ ਦੇ ਦੋ ਰੂਪ ਹਨ : ਬੋਲਚਾਲੀ ਤੇ ਲਿਖਤੀ। ਬੋਲਚਾਲੀ ਰੂਪ ਦਾ ਸੰਬੰਧ ਧੁਨੀ ਨਾਲ ਹੈ ਤੇ ਲਿਖਤੀ ਰੂਪ ਨੂੰ ਬੋਲਚਾਲੀ ਭਾਸ਼ਾ ਰੂਪ ਦਾ ਪਿੱਛਲਵਰਤੀ ਮੰਨ ਕੇ ਭਾਸ਼ਾਈ ਕਾਰਜ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਬੋਲਚਾਲ ਰੂਪ ਵਿਚ ਲਿਖਤੀ ਰੂਪ ਦੀ ਤਰ੍ਹਾਂ ਵਿਆਕਰਣ ਨੇਮਾਂ ਦੀ ਵਰਤੋਂ ਨਹੀਂ ਹੁੰਦੀ। ਇਹ ਵਿਅਕਤੀ ਦੀ ਭਾਸ਼ਾ ਉਸਦੇ ਰਹਿਣ ਸਹਿਣ, ਭੂਗੋਲਿਕ, ਸਮਾਜਿਕ ਸੰਬੰਧਾਂ ਅਤੇ ਵਰਤੋਂ ਵਿਵਹਾਰਾਂ ਦੇ ਨਾਲ ਸੰਬੰਧਿਤ ਹੁੰਦੀ ਹੈ।

ਮਨੁੱਖ ਦੇ ਸਮਾਜ ਦੀ ਤਸਵੀਰ ਉਸ ਦੀ ਭਾਸ਼ਾ ਵਿਚੋਂ ਵੀ ਵੇਖੀ ਜਾ ਸਕਦੀ ਹੈ। ਇਹ ਹੇਠ ਲਿਖੇ ਪੱਧਰ ਤੇ ਸਾਕਾਰ ਹੁੰਦਾ ਹੈ :

**(ੳ) ਖੇਤਰੀ ਵਖਰੇਵਾਂ** : ਭੂਗੋਲਿਕ ਖੇਤਰ ਅਨੁਸਾਰ ਭਾਸ਼ਾਈ ਉਚਾਰਨ ਵਿਚਲੀ ਵੱਖਰਤਾ ਨੂੰ ਖੇਤਰੀ ਵਖਰੇਵਾਂ ਕਿਹਾ ਜਾਂਦਾ ਹੈ। ਇਸ ਤਰ੍ਹਾਂ ਦੀ ਵੱਖਰਤਾ ਸ਼ੁਰੂ ਤੋਂ ਹੀ ਭਾਸ਼ਾ ਵਿਗਿਆਨੀਆਂ ਦੇ ਅਧਿਐਨ ਕਾਰਜ ਦਾ ਕੇਂਦਰ ਬਿੰਦੂ ਰਹੀ ਹੈ। ਇਸ ਅਧੀਨ ਟਕਸਾਲੀ ਭਾਸ਼ਾ ਦੇ ਵਖਰੇਵਿਆਂ ਤੇ ਆਧਾਰਿਤ ਉਪਭਾਸ਼ਾਈ ਵੰਨਗੀਆਂ ਦਾ ਅਧਿਐਨ ਕੀਤਾ ਜਾਂਦਾ ਹੈ।ਉਪਭਾਸ਼ਾ ਦਾ ਹੀ ਰੂਪ ਹੈ ਜੋ ਆਪਣੇ ਭਾਸ਼ਾਈ ਲੱਛਣਾਂ ਕਰਕੇ ਉਸ ਭਾਸ਼ਾ ਦੇ ਵਿਸ਼ੇਸ਼ ਭਾਸ਼ਾਈ ਖੇਤਰ ਦੀ ਪ੍ਰਤੀਨਿਧਤਾ ਕਰਦਾ ਹੈ। ਟਕਸਾਲੀ ਭਾਸ਼ਾ 'ਭਾਸ਼ਾ ਵਿਗਿਆਨ' ਦੀ ਦ੍ਰਿਸ਼ਟੀ ਤੋਂ ਸਮਾਜਿਕ ਪੱਖ ਤੇ ਸਥਾਪਤ ਹੁੰਦੀ ਹੈ। ਕਿਉਂਕਿ ਕਿਸੇ ਵੀ ਭਾਸ਼ਾ ਨੂੰ ਉੱਚਾ ਜਾਂ ਨੀਵਾਂ ਨਹੀਂ ਦਿਖਾਇਆ ਜਾ ਸਕਦਾ। ਸਮਾਜਿਕ ਪ੍ਰਾਣੀ ਦੇ ਤੌਰ ਤੇ ਸਮਾਜ ਵਿਚ ਵਿਚਰਦਿਆਂ ਭਾਸ਼ਾਈ ਕਾਰਜ ਦੀ ਭਿੰਨਤਾ ਸਦਕਾ ਹੀ, ਰਸਮੀ ਤੇ ਗੈਰਰਸਮੀ ਵਿਚ ਵਖਰੇਵਾਂ ਸਥਾਪਤ ਕਰਨਾ ਜ਼ਰੂਰੀ ਹੋ ਜਾਂਦਾ ਹੈ ਤਾਂ ਕਿ ਸਕੂਲਾਂ, ਕਾਲਜਾਂ ਤੇ ਦਫ਼ਤਰੀ ਕੰਮਾਂ ਵਿਚ ਭਾਸ਼ਾ ਦੀ ਵਰਤੋਂ ਵਿਚ ਇਕਸਾਰਤਾ ਲਿਆਂਦੀ ਜਾ ਸਕੇ। ਅਜਿਹਾ ਕਰਨ ਲਈ ਉਪਭਾਸ਼ਾ ਨੂੰ ਚਾਰ ਸਟੇਜਾਂ/ਪੜਾਅ ਵਿਚੋਂ ਗੁਜ਼ਰਨਾ ਪੈਂਦਾ ਹੈ, ਜਿਸ ਵਿਚ ਭਾਸ਼ਾਈ ਚੋਣ ਦੀ ਪਹਿਲੀ ਸਟੇਜ ਵਿੱਚ ਚੋਣ ਦਾ ਆਧਾਰ ਉਪਭਾਸ਼ਾ ਨਾਲ ਜੁੜਿਆ ਸਮਾਜਕ ਤੇ ਰਾਜਨੀਤਿਕ ਰੁਤਬਾ ਹੁੰਦਾ ਹੈ। ਦੂਸਰੀ ਸਟੇਜ ਨਿਯਮ ਨਿਰਧਾਰਿਤ ਕਰਨ ਦੀ ਹੈ, ਜਿਸ ਵਿਚ ਉਪ ਭਾਸ਼ਾ ਦੇ ਸ਼ਬਦ ਜੋੜਾਂ ਵਿਚ ਇਕਸਾਰਤਾ ਪੈਦਾ ਕਰਨ ਲਈ ਸ਼ਬਦ ਜੋੜਾਂ ਦੇ ਉਚਾਰਨ ਦੇ ਨਿਯਮਾਂ ਨੂੰ ਲੱਭਿਆ ਜਾਂਦਾ ਹੈ। ਤੀਜੀ ਸਟੇਜ ਉਪਭਾਸ਼ਾ ਨੂੰ ਟਕਸਾਲੀ ਭਾਸ਼ਾ ਦੇ ਰੂਪ ਵਿਚ ਵਿਕਸਤ ਕਰਨਾ ਤੇ ਚੌਥੀ ਸਟੇਜ ਲੋਕ ਪ੍ਰਵਾਨਗੀ ਦੇਣਾ ਹੈ। ਪੰਜਾਬੀ ਭਾਸ਼ਾ ਦੀਆਂ ਮਾਝੀ, ਮਲਵਈ, ਪੁਆਧੀ ਤੇ ਦੁਆਬੀ ਭਾਰਤੀ ਪੰਜਾਬ ਦੀਆਂ ਉਪਭਾਸ਼ਾਵਾਂ ਮੰਨੀਆਂ ਗਈਆਂ

ਹਨ ਜਦੋਂ ਕਿ ਪੋਠੋਹਾਰੀ, ਮੁਲਤਾਨੀ, ਲਹਿੰਦੀ, ਬਹਾਵਲਪੁਰੀ ਪਾਕਿਸਤਾਨ ਪੰਜਾਬ ਦੀਆਂ ਉਪਭਾਸ਼ਾਵਾਂ ਹਨ।

**(ਅ) ਸਮਾਜਿਕ ਵਖਰੇਵਾਂ** : ਭਾਸ਼ਾ ਵਿਗਿਆਨੀਆਂ ਅਨੁਸਾਰ ਭਾਸ਼ਾ ਸਿਰਫ ਖੇਤਰੀ ਜਾਂ ਭੂਗੋਲਿਕ ਵਖਰੇਵਿਆਂ ਨੂੰ ਹੀ ਸਾਕਾਰ ਨਹੀਂ ਕਰਦੀ ਸਗੋਂ ਭਾਸ਼ਾ ਵਿਚ ਕਾਫੀ ਵਖਰੇਵਾਂ ਇਸ ਤਰ੍ਹਾਂ ਦਾ ਵੀ ਹੈ ਜੋ ਸਮਾਜਕ ਵੰਡ ਤੇ ਆਧਾਰਿਤ ਹੁੰਦਾ ਹੈ। ਇਹ ਵੇਖਣ ਵਿਚ ਆਉਂਦਾ ਹੈ ਕਿ ਪੜ੍ਹੇ ਲਿਖੇ ਮੁੰਡੇ ਕੁੜੀਆਂ, ਪੜ੍ਹੇ ਲਿਖੇ ਵਿਅਕਤੀ ਜ਼ਿਆਦਾਤਰ ਪੰਜਾਬੀ ਵਿੱਚ ਗੱਲਬਾਤ ਕਰਦੇ ਸਮੇਂ ਹਿੰਦੀ ਅਤੇ ਅੰਗਰੇਜ਼ੀ ਦੇ ਸ਼ਬਦਾਂ ਦੀ ਬਹੁਤ ਵਰਤੋਂ ਕਰਦੇ ਹਨ। ਇਹਨਾਂ ਵਖਰੇਵਿਆਂ ਨੂੰ ਸਮਾਜਿਕ-ਉਪਭਾਸ਼ਾ ਦੀ ਵੰਨਗੀ ਵਿਚ ਰੱਖਿਆ ਜਾਂਦਾ ਹੈ। ਇਹ ਅਧਿਐਨ ਵਿਅਕਤੀ ਦੇ ਉਮਰ, ਲਿੰਗ, ਪੇਂਡੂ/ਸ਼ਹਿਰੀ ਵਖਰੇਵਿਆਂ ਤੇ ਆਧਾਰਿਤ ਹਨ। ਕਿਸੇ ਵਿਅਕਤੀ ਦੇ ਨਿੱਜੀ ਬੋਲਣ ਢੰਗ ਨੂੰ ਹੀ ਉਸਦੀ ਭਾਸ਼ਾ ਆਖਿਆ ਜਾਂਦਾ ਹੈ ਤੇ ਇਸਦੇ ਰੂਪ ਵਿਚ ਵੱਖਰਤਾ ਉਸਦੀ ਉਮਰ ਅਤੇ ਯੋਗਤਾ ਦੇ ਆਧਾਰ ਤੇ ਆ ਜਾਂਦੀ ਹੈ। ਮਨੁੱਖ ਸਮਾਜਿਕ ਪ੍ਰਾਣੀ ਹੈ, ਇਸ ਲਈ ਉਹ ਸਮਾਜ ਤੋਂ ਹੀ ਭਾਸ਼ਾ ਸਿੱਖਦਾ ਹੈ, ਪਹਿਲਾਂ ਉਹ ਤੋਤਲੀ ਭਾਸ਼ਾ ਬੋਲਦਾ ਹੈ ਤੇ ਦਸ ਸਾਲ ਦੀ ਉਮਰ ਵਿਚ ਬੱਚਾ ਆਪਣੇ ਸਮਾਜ ਦੀ ਭਾਸ਼ਾ ਦੇ ਸਾਰੇ ਹੀ ਨੇਮਾਂ ਦੀ ਜਾਣਕਾਰੀ ਪ੍ਰਾਪਤ ਕਰ ਲੈਂਦਾ ਹੈ ਤੇ ਉਸ ਤਰ੍ਹਾਂ ਹੀ ਬੋਲਦਾ ਹੈ। ਜਿਵੇਂ-ਜਿਵੇਂ ਉਸ ਦੀ ਉਮਰ ਵਧਦੀ ਜਾਂਦੀ ਹੈ ਉਸ ਤਰ੍ਹਾਂ ਹੀ ਉਸ ਦੀ ਭਾਸ਼ਾ ਵਿਚ ਪਰਿਪੱਕਤਾ, ਬੌਧਿਕਤਾ, ਸੂਖਮਤਾ, ਸਰਲਤਾ ਦੇ ਅੰਸ਼ ਪੈਦਾ ਹੋ ਜਾਂਦੇ ਹਨ। ਇਥੋਂ ਤੱਕ ਕਿ ਭਾਸ਼ਾਈ ਵਖਰੇਵੇਂ ਦੀ ਮੁੱਖ ਉਦਾਹਰਣ ਬੁੱਢਿਆਂ ਤੇ ਬੱਚਿਆਂ ਦੀ ਭਾਸ਼ਾ ਵਿਚਲਾ ਅੰਤਰ ਹੈ। ਜਿਸ ਤੋਂ ਦੋ ਪੀੜ੍ਹੀਆਂ ਦੀ ਆਪਸੀ ਭਾਸ਼ਾ ਦੇ ਅੰਤਰ ਨੂੰ ਆਸਾਨੀ ਨਾਲ ਪਛਾਣਿਆ ਜਾ ਸਕਦਾ ਹੈ।

ਲਿੰਗ ਆਧਾਰਿਤ ਭਾਸ਼ਾਈ ਵਖਰੇਵੇਂ ਦੀ ਪਛਾਣ ਮਰਦ ਅਤੇ ਔਰਤ ਦੀ ਅਵਾਜ਼ ਤੋਂ ਕੀਤੀ ਜਾ ਸਕਦੀ ਹੈ। ਮਰਦ ਦੀ ਅਵਾਜ਼ ਔਰਤਾਂ ਦੀ ਅਵਾਜ਼ ਦੇ ਮੁਕਬਲੇ ਮੋਟੀ ਅਤੇ ਰੁੱਖੀ ਹੁੰਦੀ ਹੈ ਅਤੇ ਔਰਤਾਂ ਦੀ ਅਵਾਜ਼ ਪਤਲੀ ਤੇ ਤਿੱਖੀ ਹੁੰਦੀ ਹੈ । ਇਹਨਾਂ ਦੋਹਾਂ ਦੇ ਆਪਸੀ ਸੰਬੋਧਨ ਵਿਚ ਅੰਤਰ ਹੁੰਦਾ ਹੈ। ਇਸ ਤਰ੍ਹਾਂ ਹੀ ਪੇਂਡੂ ਤੇ ਸ਼ਹਿਰੀ ਬੋਲੀ ਵਿਚ ਵੀ ਅੰਤਰ ਹੁੰਦਾ ਹੈ।

**(ੲ) ਵਰਤੋਂ ਆਧਾਰਿਤ ਵਖਰੇਵਾਂ :** ਇਹ ਅਜਿਹੇ ਭਾਸ਼ਾਈ ਵਖਰੇਵੇਂ ਨੂੰ ਸਾਕਾਰ ਕਰਦਾ ਹੈ, ਜੋ ਵਿਅਕਤੀ ਦੀ ਭਾਸ਼ਾ ਦੀ ਵਰਤੋਂ ਤੇ ਆਧਾਰਿਤ ਹੁੰਦਾ ਹੈ, ਇਸ ਵਖਰੇਵੇ ਨੂੰ ਸ਼ੈਲੀਗਤ ਵਖੇਰਵਾਂ ਵੀ ਕਿਹਾ ਜਾਂਦਾ ਹੈ। ਇਹ ਵਖਰੇਵਾਂ ਉਹ ਭਾਸ਼ਾਈ ਪਰਿਵਰਤਨ ਹੈ, ਜੋ ਭਾਸ਼ਾ ਦੀ ਵਰਤੋਂ ਕਰਤਾ ਆਪਣੀਆਂ ਲੋੜਾਂ ਦੀ ਪੂਰਤੀ ਲਈ ਸਾਕਾਰ ਕਰਦਾ ਹੈ, ਇਹ ਵਖਰੇਵਾਂ ਰਜਿਸਟਰ, ਅਪਭਾਸ਼ਾ, ਗੁਪਤਭਾਸ਼ਾ, ਜਾਰਗਨ ਆਦਿ ਭਾਸ਼ਾ ਵੰਨਗੀਆਂ ਦੁਆਰਾ ਪੂਰਾ ਕੀਤਾ ਜਾ ਸਕਦਾ ਹੈ ।

**(ਸ) ਭਾਸ਼ਾਈ ਸੰਪਰਕ ਸਥਿਤੀਆਂ** : ਜਦੋਂ ਦੋ ਭਾਸ਼ਾਵਾਂ ਇਕ ਦੂਜੇ ਦੇ ਸੰਪਰਕ ਵਿਚ ਆਉਂਦੀਆਂ ਹਨ ਤਾਂ ਉਨ੍ਹਾਂ ਵਿਚ ਤਬਦੀਲੀ ਹੋਣੀ ਕੁਦਰਤੀ ਹੈ। ਇਹ ਤਬਦੀਲੀ ਭਾਸ਼ਾਈ ਰਲਾ ਤੋਂ ਸ਼ੁਰੂ ਹੋ ਕੇ ਭਾਸ਼ਾਈ ਪਰਿਵਰਤਨ ਤੱਕ ਦਾ ਸਫ਼ਰ ਵੀ ਤਹਿ ਕਰ ਸਕਦੀ ਹੈ। ਕਈ ਵਾਰੀ ਜਦੋਂ ਦੋ ਭਾਸ਼ਾਈ ਵਿਅਕਤੀ ਇਕ ਦੂਜੇ ਦੇ ਸੰਪਰਕ ਵਿਚ ਵਿਚਰਦੇ ਹਨ ਤਾਂ ਉਹ ਆਪਣੇ ਸੰਚਾਰ ਦੀ ਸੁਵਿਧਾ ਨੂੰ ਮੁੱਖ ਰੱਖਦਿਆਂ, ਕਿਸੇ ਤੀਸਰੀ ਭਾਸ਼ਾ ਦਾ ਨਿਰਮਾਣ ਕਰ ਲੈਂਦੇ ਹਨ, ਜਿਸਨੂੰ ਪਿਜਿਨ ਕਿਹਾ ਜਾਂਦਾ ਹੈ। ਇਸ ਤਰ੍ਹਾਂ ਜਦੋਂ ਪਿਜਿਨ ਭਾਸ਼ਾ ਪੱਕੇ ਤੌਰ ਤੇ ਕਿਸੇ ਭਾਸ਼ਾਈ ਗਰੁੱਪ ਦੀ ਮਾਤ ਭਾਸ਼ਾ ਬਣ ਜਾਂਦੀ ਹੈ ਤਾਂ ਉਸਨੂੰ ਕਰਿਓਲ ਕਿਹਾ ਜਾਂਦਾ ਹੈ। ਪਿਜਿਨ ਤੋਂ ਕਰਿਓਲ ਬਣਨ ਦੀ ਪ੍ਰਕਿਰਿਆ ਨੂੰ ਕਰਿਓਲੀਕਰਨ ਦਾ ਨਾਂ ਦਿੱਤਾ ਜਾਂਦਾ ਹੈ। ਮਾਂ-ਪਿਓ ਦੀ

ਪਿਜਿਨ ਭਾਸ਼ਾ ਉਨ੍ਹਾਂ ਦੇ ਬੱਚਿਆਂ ਦੀ ਕਰਿਓਲ ਬਣ ਜਾਂਦੀ ਹੈ।ਪਿਜਿਨ ਅਤੇ ਕਰਿਓਲ ਵਿਚ ਬੁਨਿਆਦੀ ਅੰਤਰ ਇਹ ਹੈ ਕਿ ਜਿਥੇ ਪਿਜਿਨ ਥੋੜ੍ਹੇ ਸਮੇਂ ਦੀਆਂ ਸੰਚਾਰੀ ਲੋੜਾਂ ਦੀ ਪੂਰਤੀ ਕਰਨ ਲਈ ਹੋਂਦ ਗ੍ਰਹਿਣ ਕਰਦੀ ਹੈ, ਉਥੇ ਕਰਿਓਲ ਅਣਮਿੱਥੇ ਸਮੇਂ ਦੀਆਂ ਸੰਚਾਰੀ ਲੋੜਾਂ ਦੀ ਪੂਰਤੀ ਕਰਨ ਲਈ ਹੋਂਦ ਗ੍ਰਹਿਣ ਕਰਦੀ ਹੈ।Hudson ਅਨੁਸਾਰ ਮਾਂ ਬੋਲੀ ਦੇ ਤੌਰ 'ਤੇ ਗ੍ਰਹਿਣ ਕੀਤੀ ਗਈ ਪਿਜਿਨ ਹੀ ਕਰਿਓਲ ਬਣ ਜਾਂਦੀ ਹੈ। ਇਸ ਲਈ ਕਿਹਾ ਜਾ ਸਕਦਾ ਹੈ ਕਿ ਕਰਿਓਲ ਭਾਸ਼ਾ ਦੀ ਇਕ ਅਜਿਹੀ ਵੰਨਗੀ ਹੈ ਜੋ ਅਸਲ ਵਿਚ ਪਿਜਿਨ ਉੱਤੇ ਆਧਾਰਿਤ ਹੁੰਦੀ ਹੈ।

(ਹ) **ਭਾਸ਼ਾਈ ਮਾਧਿਅਮ ਆਧਾਰਿਤ :** ਭਾਸ਼ਾਈ ਮਾਧਿਅਮ ਦੇ ਆਧਾਰ ਤੇ ਭਾਸ਼ਾ ਦੋ ਤਰ੍ਹਾਂ ਦੀ ਹੁੰਦੀ ਹੈ- ਬੋਲਚਾਲੀ ਤੇ ਲਿਖਤੀ। ਲਿਖਤੀ ਭਾਸ਼ਾ ਦਾ ਸੁਭਾਅ ਸੁਹਜਮੁਖੀ ਤੇ ਬੋਲਚਾਲੀ ਭਾਸ਼ਾ ਦਾ ਸੁਭਾਅ ਸੰਚਾਰ ਮੁਖੀ ਹੁੰਦਾ ਹੈ। ਭਾਸ਼ਾ ਦੇ ਲਿਖਤੀ ਰੂਪ ਨੂੰ ਬੋਲਚਾਲੀ ਭਾਸ਼ਾ ਦਾ ਪਿਛਲਵਰਤੀ ਰੂਪ ਮੰਨਿਆ ਜਾਂਦਾ ਹੈ। ਲਿਖਤੀ ਭਾਸ਼ਾ ਨੂੰ ਸਾਹਿਤਕ ਤੇ ਗੈਰ-ਸਾਹਿਤਕ ਦੋ ਵੰਨਗੀਆਂ ਵਿਚ ਰੱਖਿਆ ਜਾਂਦਾ ਹੈ। ਗੈਰ ਸਾਹਿਤਕ ਵਿਚ ਵਿਗਿਆਨ ਜਾਂ ਦਫ਼ਤਰੀ ਭਾਸ਼ਾ ਨੂੰ ਰੱਖਿਆ ਜਾਂਦਾ ਹੈ ਤੇ ਸਾਹਿਤਕ ਭਾਸ਼ਾ ਕਲਾਮਈ ਤੇ ਸੁਹਜਮੁਖੀ ਹੁੰਦੀ ਹੈ। ਵਿਗਿਆਨ ਦੀ ਭਾਸ਼ਾ ਸੰਕਲਪ ਮਈ ਹੁੰਦੀ ਹੈ। ਸਾਹਿਤਕ ਭਾਸ਼ਾ ਵਿਚ ਕਾਵਿ ਤੇ ਵਾਰਤਕ ਭਾਸ਼ਾ ਦੀਆਂ ਵੰਨਗੀਆਂ ਨੂੰ ਸ਼ਾਮਿਲ ਕੀਤਾ ਜਾਂਦਾ ਹੈ।


6. **ਨਿਕਟ ਅੰਗ ਅਧਿਐਨ ਵਿਧੀ** : 20ਵੀਂ ਸਦੀ ਵਿਚ ਵਾਕ ਵਿਗਿਆਨ ਨੇ ਸਿਧਾਂਤਕ ਤੇ ਵਿਵਹਾਰਿਕ ਪੱਖ ਤੋਂ ਬਹੁਤ ਵਿਕਾਸ ਕੀਤਾ ਹੈ। ਜਿਸ ਵਿਚ ਵਾਕ ਵਿਸ਼ੇਲਸ਼ਣ ਦੇ ਵਿਭਿੰਨ ਮਾਡਲਾਂ ਦੀ ਉਸਾਰੀ ਕੀਤੀ। ਭਾਸ਼ਾ ਵਿਗਿਆਨ ਪੱਖੋਂ ਨਿਕਟ ਅੰਗ ਵਿਸ਼ਲੇਸ਼ਣ ਵਾਕ ਵਿਸ਼ਲੇਸ਼ਣ ਦਾ ਇਕ ਮਹੱਤਵਪੂਰਨ ਢੰਗ ਹੈ। ਇਹ ਵਿਧੀ ਬਲੂਮਫੀਲਡ ਦੀ ਦੇਣ ਹੈ। ਇਸ ਵਿਧੀ ਦੀ ਸਭ

ਤੋਂ ਪਹਿਲੀ ਵਾਰ ਵਰਤੋਂ 1939 ਵਿਚ ਕੀਤੀ ਗਈ। ਉਸਨੇ ਕੁਝ ਉਦਾਹਰਨਾਂ ਦੇ ਕੇ ਇਸ ਵਿਧੀ ਦੀ ਵਿਆਖਿਆ ਕੀਤੀ, ਫਿਰ ਉਸ ਦੇ ਵਿਦਿਆਰਥੀਆਂ ਵੈਲਜ਼, ਹੈਰਿਸ, ਕੇ.ਐਲ.ਪਾਈਕ ਤੇ ਨਾਈਡਾ ਨੇ ਨਿਕਟ ਅੰਗ ਵਿਸ਼ਲੇਸ਼ਣ ਦੇ ਸਿਧਾਂਤਾਂ ਨੂੰ ਵਿਸਤਾਰ ਸਾਹਿਤ ਬਿਆਨ ਕੀਤਾ। ਅੰਤਮ ਪੜਾਅ ਤੇ ਚੌਮਸਕੀ ਨੇ ਇਸ ਨੂੰ ਗਣਿਤਕ ਸੂਤਰਾਂ ਰਾਹੀਂ ਵਧੇਰੇ ਵਿਧੀ-ਪੂਰਵਕ ਢੰਗ ਨਾਲ ਪੇਸ਼ ਕਰਨ ਦੀ ਵਿਧੀ ਦਿੱਤੀ।

'ਨਿਕਟ ਅੰਗ ਵਿਸ਼ਲੇਸ਼ਣ' ਵਿਧੀ ਰਾਹੀਂ ਭਾਸ਼ਾ ਦੇ ਜਟਿਲ ਅਤੇ ਸੂਖਮ ਸੰਬੰਧਾਂ ਨੂੰ ਸਮਝਣ ਦਾ ਯਤਨ ਕੀਤਾ ਜਾਂਦਾ ਹੈ। ਇਸ ਵਿਧੀ ਦਾ ਮੁੱਖ ਮੰਤਵ ਵਾਕ ਵਿਚਲੇ ਹਿੱਸਿਆਂ ਨੂੰ ਲੱਭਣ ਤੇ ਉਹਨਾਂ ਦੇ ਆਪਸੀ ਸੰਬੰਧਾਂ ਬਾਰੇ ਜਾਣਕਾਰੀ ਪ੍ਰਦਾਨ ਕਰਨਾ ਹੈ। ਇਸ ਵਿਧੀ ਰਾਹੀਂ ਕਿਸੇ ਵਾਕ ਅੰਦਰਲੇ ਛੋਟੇ-ਛੋਟੇ ਹਿੱਸਿਆਂ ਜਾਂ ਅੰਗਾਂ ਵਿਚ ਤੋੜ ਕੇ ਉਸਦੇ ਅਰਥਾਂ ਨੂੰ ਸਮਝਿਆ ਜਾ ਸਕਦਾ ਹੈ। ਅਜਿਹਾ ਕਰਨ ਨਾਲ ਹਰ ਅੰਗ ਦੇ ਦੂਜੇ ਅੰਗਾਂ ਨਾਲ ਨਿਕਟ ਦੇ ਸੰਬੰਧਾਂ ਨੂੰ ਜਾਣਿਆ ਜਾ ਸਕਦਾ ਹੈ। ਇਹ ਵਿਧੀ ਸਾਧਾਰਨ ਬਿਆਨੀਆ ਵਾਕਾਂ ਲਈ ਢੁੱਕਵੀਂ ਹੈ। ਹਰੇਕ ਵਾਕ ਦੀ ਬਣਤਰ ਵਿਚ ਕੁਝ ਅੰਗਾਂ ਦਾ ਸੰਬੰਧ ਬਾਕੀ ਅੰਗਾਂ ਦੇ ਸੰਬੰਧ ਨਾਲੋਂ ਵਧੇਰੇ ਨੇੜਤਾ ਵਾਲਾ ਹੁੰਦਾ ਹੈ। ਸ਼ਬਦ ਹੀ ਵਾਕ ਦਾ ਰਚਨਾਤਮਕ ਅੰਗ ਹੈ ਜੋ ਅੰਗ ਆਪਸ ਵਿਚ ਸਭ ਤੋਂ ਨੇੜਲੇ ਸੰਬੰਧਾਂ ਵਿਚ ਜੁੜੇ ਹੁੰਦੇ ਹਨ, ਇਹਨਾਂ ਨੂੰ ਨਿਕਟ ਅੰਗ ਕਿਹਾ ਜਾਂਦਾ ਹੈ। ਇਹ ਨੇੜਤਾ ਸਥਾਨ ਦੀ ਨਹੀਂ ਬਲਕਿ ਸੰਬੰਧਾਂ ਦੀ ਹੁੰਦੀ ਹੈ। ਇਸ ਅਧੀਨ ਛੋਟੇ ਤੋਂ ਵੱਡੇ ਅੰਗਾਂ ਵੱਲ ਵਿਸ਼ਲੇਸ਼ਣ ਕੀਤਾ ਜਾਂਦਾ ਹੈ1, ਸੋ ਵਾਕ ਸਿਰਫ਼ ਸ਼ਬਦਾਂ ਦੀ ਲੜੀ ਹੀ ਨਹੀਂ ਹੁੰਦਾ ਸਗੋਂ ਇਹ ਨਿਕਟ ਅੰਗਾਂ ਦੀਆਂ ਤੈਹਾਂ ਨਾਲ ਬਣਿਆ ਹੋਇਆ ਹੁੰਦਾ ਹੈ। ਇਹ ਵਿਧੀ ਬਹੁਤ ਸੌਖੀ ਹੈ। ਕੋਈ ਵਿਅਕਤੀ ਜਿਸਨੂੰ ਭਾਸ਼ਾ ਵਿਗਿਆਨ ਦੀ ਜਾਣਕਾਰੀ ਨਹੀਂ, ਉਹ ਵੀ ਇਸ ਵਿਧੀ ਨੂੰ ਜਲਦੀ ਸਮਝ ਸਕਦਾ ਹੈ ਅਤੇ ਵਾਕ ਵਿਸ਼ਲੇਸ਼ਣ ਲਈ ਇਸ ਵਿਧੀ ਦੀ ਵਰਤੋਂ ਕਰ ਸਕਦਾ ਹੈ। ਨਿਕਟ ਅੰਗ ਵਿਧੀ ਨੂੰ ਵਾਕ ਵਿਸ਼ਲੇਸ਼ਣ ਦੀ ਇਕ ਤਕਨੀਕ ਕਿਹਾ ਜਾਂਦਾ ਹੈ। ਇਸ ਨਾਲ ਵਾਕ ਨੂੰ ਅੰਗਾਂ ਵਿਚ

ਵੰਡਿਆ ਜਾਂਦਾ ਹੈ। ਇਸ ਵਿਧੀ ਅਨੁਸਾਰ ਮੰਨਿਆ ਗਿਆ ਹੈ ਕਿ ਹਰੇਕ ਵਾਕ ਵਿਚ ਕੁਝ ਅੰਗ ਬਾਕੀ ਅੰਗਾਂ ਦੇ ਮੁਕਾਬਲੇ ਵਧੇਰੇ ਨੇੜਤਾ ਵਾਲੇ ਹੁੰਦੇ ਹਨ, ਇਸ ਲਈ ਇਕ ਵਾਕ ਨੂੰ ਦੋ ਨਿਕਟ ਅੰਗਾਂ ਵਿਚ ਅਤੇ ਹਰੇਕ ਅੰਗ ਨੂੰ ਅੱਗੋਂ ਹੋਰ ਨਿਕਟ ਅੰਗਾਂ ਵਿਚ ਵੰਡਿਆ ਜਾਂਦਾ ਹੈ। ਜਿਵੇਂ :

"ਸੋਹਣੀ ਕੁੜੀ ਸਿਉ ਖਾਂਦੀ ਹੈ" ਨੂੰ ਦੋ ਨਿਕਟ ਅੰਗਾਂ 'ਸੋਹਣੀ ਕੁੜੀ' ਤੇ 'ਸਿਉ ਖਾਂਦੀ ਹੈ' ਵਿਚ, 'ਸੋਹਣੀ ਕੁੜੀ' ਨੂੰ 'ਸੋਹਣੀ' ਤੇ 'ਕੁੜੀ' ਵਿਚ, 'ਸਿਉ ਖਾਂਦੀ ਹੈ' ਨੂੰ 'ਸਿਉ' ਤੇ 'ਖਾਂਦੀ ਹੈ' ਵਿਚ ਅਤੇ 'ਖਾਂਦੀ ਹੈ' ਨੂੰ ਖਾਂਦੀ' ਤੇ 'ਹੈ' ਵਿਚ ਵੰਡਿਆ ਜਾਂਦਾ ਹੈ। ਨਿਕਟ ਅੰਗ ਵਿਸ਼ਲੇਸ਼ਣ ਅਨੁਸਾਰ ਵਾਕ ਇਕ ਸ਼ਬਦਾਂ ਦੀ ਲੜੀ ਹੀ ਨਹੀਂ, ਸਗੋਂ ਇਹ ਨਿਕਟ ਅੰਗਾਂ ਦੀਆਂ ਤਹਿਆਂ ਨਾਲ ਬਣਿਆ ਹੁੰਦਾ ਹੈ। ਹਰੇਕ ਨਿਮਨ ਪੱਧਰ ਦੀ ਤਹਿ ਉਪਰਲੀ ਪੱਧਰ ਦੀ ਤਹਿ ਦਾ ਹਿੱਸਾ ਹੁੰਦੇ ਹਨ। ਇਹਨਾਂ ਤਹਿ ਨੂੰ ਬਰੈਕਟਾਂ ਜਾਂ ਪੇੜ ਚਿੱਤਰ ਦੀ ਸਹਾਇਤਾ ਨਾਲ ਅੰਕਿਤ ਕੀਤਾ ਜਾਂਦਾ ਹੈ। ਜਿਵੇਂ :- (ਸੋਹਣੀ ਕੁੜੀ) (ਸਿਉ ਖਾਂਦੀ ਹੈ) । ਇਸ ਚਿੱਤਰ ਅਨੁਸਾਰ ਇਸ ਵਾਕ ਦੇ ਅੰਗ 'ਸੋਹਣੀ', 'ਕੁੜੀ'¸ 'ਸਿਉ', 'ਖਾਂਦੀ', 'ਹੈ' ਹਨ। 'ਸੋਹਣੀ' ਤੇ 'ਕੁੜੀ' 'ਸੋਹਣੀ ਕੁੜੀ' ਦੇ ਨਿਕਟ ਅੰਗ ਹਨ, 'ਖਾਂਦੀ' ਤੇ 'ਹੈ' 'ਖਾਂਦੀ ਹੈ' ਦੇ ਨਿਕਟ ਅੰਗ ਹਨ, 'ਸਿਉ' ਤੇ 'ਖਾਂਦੀ ਹੈ', 'ਸਿਉ ਖਾਂਦੀ ਹੈ' ਦੇ ਨਿਕਟ ਅੰਗ ਹਨ। 'ਸੋਹਣੀ ਕੁੜੀ' ਅਤੇ 'ਸਿਉ ਖਾਂਦੀ ਹੈ', 'ਸੋਹਣੀ ਕੁੜੀ ਸਿਉ ਖਾਂਦੀ ਹੈ' ਦੇ ਨਿਕਟ ਅੰਗ ਹਨ। ਇਸ ਅੰਤਮ ਤਹਿ ਨੂੰ ਵਾਕ ਦਾ ਨਾਂ ਦਿੱਤਾ ਜਾਂਦਾ ਹੈ।



ਨਿਕਟ ਅੰਗ ਵਿਸ੍ਲੇਸ੍ਣ ਨੇ ਤਿੰਨਾਂ ਪੜਾਵਾਂ ਵਿਚ ਵਿਕਾਸ ਕੀਤਾ ਹੈ। ਸਭ ਤੋਂ ਪਹਿਲਾਂ ਬਲੂਮਫੀਲਡ ਨੇ ਇਹ ਸੰਕਲਪ ਦਿੱਤਾ ਅਤੇ ਕੁਝ ਉਦਾਹਰਨਾਂ ਨਾਲ ਇਸ ਦੀ ਵਿਆਖਿਆ ਕੀਤੀ, ਜਿਸ ਨਾਲ ਅਸੀਂ ਭਾਸ਼ਾ ਨੂੰ ਅਸਾਨੀ ਨਾਲ ਸਮਝ ਸਕਦੇ ਹਾਂ।

ਭਾਸ਼ਾਈ ਅਧਿਐਨ ਵਿਚ ਸਾਹਿਤਕ ਕਿਰਤਾਂ ਦਾ ਇਕਾਲਕੀ ਅਧਿਐਨ ਕਰਕੇ ਭਾਸ਼ਾਵਾਂ ਦਾ ਇਤਿਹਾਸਿਕ ਵਿਕਾਸ ਉਲੀਕਿਆ ਜਾਂਦਾ ਹੈ, ਭਾਸ਼ਾਈ ਅਧਿਐਨ ਵਿਧੀ ਵਿਚ ਸ਼ਬਦ, ਵਾਕ, ਅਰਥ ਅਤੇ ਔਰਥੌਗਰਾਫ਼ਿਕ ਪੱਧਰਾਂ ਦਾ ਅਧਿਐਨ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਹੋਰ ਭਾਸ਼ਾਈ ਵਖਰੇਵੇਂ ਵੀ ਵੇਖੇ ਜਾਂਦੇ ਹਨ, ਇਹ ਵਖਰੇਵੇਂ ਭੂਗੋਲਿਕ, ਸਮਾਜਿਕ ਖੇਤਰ, ਵਰਤੋਂ ਆਧਾਰਿਤ ਅਤੇ ਭਾਸ਼ਾਈ ਸੰਪਰਕ ਦੇ ਆਧਾਰ ਤੇ ਦੇਖੇ ਜਾਂਦੇ ਹਨ। ਇਸ ਵਿਧੀ ਵਿਚ ਵਿਭਿੰਨ ਵਿਆਕਰਨਾਂ ਨੂੰ ਵੀ ਸਮੋਇਆ ਜਾ ਸਕਦਾ ਹੈ, ਇਹ ਸਾਰਾ ਕੁਝ ਭਾਸ਼ਾ ਦੇ ਘੇਰੇ ਵਿਚ ਰਹਿ ਕੇ ਹੀ ਸਮਝਿਆ ਜਾ ਸਕਦਾ ਹੈ। ਇਹ ਅਧਿਐਨ ਵਿਧੀ ਇਕ ਪਾਸਾਰੀ ਨਹੀਂ ਸਗੋਂ ਬਹੁ ਪਾਸਾਰੀ ਹੈ। ਅਗਲੇ ਅਧਿਆਇਆਂ ਵਿੱਚ ਬਲਵੰਤ ਗਾਰਗੀ ਦੀ ਨਾਟਕ ਰਚਨਾ 'ਲੋਹਾ ਕੁੱਟ' ਨੂੰ ਆਧਾਰ ਬਣਾ ਕੇ, ਇਸ ਨਾਟਕ ਦਾ ਅਧਿਐਨ ਸ਼ਬਦਗਤ ਤੇ ਵਾਕ ਪੱਧਰ ਤੇ ਵੱਖ- ਵੱਖ ਅਧਿਆਇਆਂ ਵਿਚ ਕੀਤਾ ਜਾਵੇਗਾ ਅਤੇ ਇਸ ਲਈ ਨਿਕਟ ਅੰਗ ਅਧਿਐਨ ਵਿਧੀ ਦੀ ਵਰਤੋਂ ਕੀਤੀ ਜਾਵੇਗੀ। ਉਸ ਤੋਂ ਬਲਵੰਤ ਗਾਰਗੀ ਦੀ ਰਚਨਈ ਸ਼ਖ਼ਸੀਅਤ ਦਾ ਅਧਿਐਨ ਪਹਿਲਾਂ ਕਰ ਲੈਣਾ ਵੀ ਜ਼ਰੂਰੀ ਜਾਪਦਾ ਹੈ ਤਾਂ ਜੋ ਉਸ ਦੀਆਂ ਭਾਸ਼ਾਈ ਵਿਲੱਖਣਤਾਵਾਂ ਨੂੰ ਸਪੱਸ਼ਟ ਤੌਰ ਤੇ ਵੇਖਿਆ ਜਾ ਸਕੇ।

# <u>ਹਵਾਲੇ ਤੇ ਟਿੱਪਣੀਆਂ</u>


1. ਮੀਲੀਅਟ, ਚਾਰਲਸ ਫਰੀਜ਼, ਪੰਨਾ ਨੰ. 20
2. ਆਟੋ ਜਸਪਰਸਨ, ਫਲਾਸਫੀ ਆਫ ਗਰਾਮਰ (ਪੰਨਾ ਨੰ. 307)
3. ਕੁਫਨਰ, ਗਰੈਮੈਟੀਕਲ ਸਟਰਕਚਰ ਆਫ ਇੰਗਲਿਸ਼ ਐਂਡ ਜਰਮਨ–ਏ ਕਨਟਰਾਸਟਿਵ ਸਕੈਚ (ਪੰਨਾ 1)
4. Bloomfield , Language, P. 170
5. ਸੁਖਵਿੰਦਰ ਸਿੰਘ, ਸੰਘਾ, **ਪੰਜਾਬੀ ਭਾਸ਼ਾ ਵਿਗਿਆਨ** (ਪੰਨਾ 32)
6. ਡਾ. ਪਰਮਜੀਤ ਸਿੰਘ ਸਿੱਧੂ, ਮਾਨਵ ਵਿਗਿਆਨਕ ਭਾਸ਼ਾ ਵਿਗਿਆਨ (ਪੰਨਾ 130)
7. ਖੋਜ ਪਤ੍ਰਿਕਾ, ਭਾਸ਼ਾ ਅਤੇ ਵਿਆਕਰਨ ਵਿਸ਼ੇਸ਼ ਅੰਕ, (ਪੰਨਾ 199)
8. ਪ੍ਰੇਮ ਪ੍ਰਕਾਸ਼ ਸਿੰਘ, ਪੰਜਾਬੀ ਬੋਲੀ ਦਾ ਨਿਕਾਸ ਤੇ ਵਿਕਾਸ (ਪੰਨਾ 393)
9. ਜੋਤੀ ਸ਼ਰਮਾ, ਪੰਜਾਬੀ ਭਾਸ਼ਾ ਅਤੇ ਭਾਸ਼ਾ ਵਿਗਿਆਨ (ਪੰਨਾ 97)
10. ਉਹੀ (ਪੰਨਾ 97)
11. ਭੁਪਿੰਦਰ ਸਿੰਘ ਖਹਿਰਾ, ਨਵੀਨ ਭਾਸ਼ਾ ਵਿਗਿਆਨ (ਪੰਨਾ–13)
12. ਜੋਗਿੰਦਰ ਸਿੰਘ ਪੁਆਰ, ਪੰਜਾਬੀ ਭਾਸ਼ਾ ਵਿਗਿਆਨ ਸੰਕਲਪ ਤੇ ਦਿਸ਼ਾਵਾਂ, (ਪੰਨਾ 99)
13. ਸੁਖਵਿੰਦਰ ਸਿੰਘ ਸੰਘਾ, ਪੰਜਾਬੀ ਭਾਸ਼ਾ ਵਿਗਿਆਨ (ਪੰਨਾ 97)
14. ਉਹੀ (ਪੰਨਾ 198)
15. ਡਾ.ਸਿੱਧੂ ਪਰਮਜੀਤ ਸਿੰਘ, ਮਾਨਵ ਵਿਗਿਆਨ ਭਾਸ਼ਾ ਵਿਗਿਆਨ (ਪੰਨਾ 129)
16. ਉਹੀ (ਪੰਨਾ 130)